Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19 *Issue 19 Thursday, January 30, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


TOP 4% TREB REALTOR 2018
Buy With $0 Down Program
Royal Canadian
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com

# ਨਵੀਂ ਨਾਫਟਾ ਡੀਲ 'ਤੇ ਟਰੰਪ ਨੇ ਕੀਤੇ ਦਸਤਖ਼ਤ


## ਡੀਲ ਸਿਰੇ ਚੜ੍ਹਾਉਣ ਲਈ ਗੇਂਦ ਹੁਣ ਕੈਨੇਡਾ ਦੇ ਪਾਲੇ 'ਚ



ਵਾਸ਼ਿੰਗਟਨ, 29 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਖਿਰਕਾਰ ਬੁੱਧਵਾਰ ਨੂੰ ਨਵੀਂ ਨਾਫਟਾ ਡੀਲ ਉੱਤੇ ਦਸਤਖ਼ਤ ਕਰ ਹੀ ਦਿੱਤੇ। ਟਰੰਪ ਨੇ ਇੰਪਲੀਮੈਂਟੇਸਨ ਬਿੱਲ ਉੱਤੇ ਦਸਤਖ਼ਤ ਕੀਤੇ, ਜਿਸ ਨੂੰ ਹਾਊਸ ਆਫ ਰੀਪ੍ਰਜ਼ੈਂਟੇਟਿਵਜ਼ ਵਿੱਚ ਡੈਮੋਕ੍ਰੈਟਸ ਤੇ ਯੂਐਸ ਟਰੇਡ ਰੀਪ੍ਰਜ਼ੈਂਟੇਟਿਵਜ਼ ਆਫਿਸ ਨਾਲ ਲੰਮੀਂ ਗੱਲਬਾਤ ਤੋਂ ਬਾਅਦ ਕਾਂਗਰਸ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ। ਨਵੀਂ ਨਾਫਟਾ ਡੀਲ ਉੱਤੇ ਵਾਈਟ ਹਾਊਸ ਦੇ ਸਾਊਥ ਲਾਅਨ ਵਿੱਚ ਇੱਕ ਘੰਟੇ ਤੱਕ ਚੱਲੇ ਸਮਾਰੋਹ ਵਿੱਚ ਟਰੰਪ ਵੱਲੋਂ ਸਹੀ ਪਾਈ ਗਈ। ਇਸ ਮੌਕੇ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ, ਟਰੇਡ ਅੰਬੈਸਡਰ ਰੌਬਰਟ ਲਾਈਥਜ਼ਰ ਤੇ ਰਿਪਬਲਿਕਨ ਨੀਤੀਘਾੜੇ ਵੀ ਮੌਜੂਦ ਸਨ। ਟਰੰਪ ਵੱਲੋਂ ਇਸ ਨਵੀਂ ਨਾਫਟਾ ਡੀਲ ਉੱਤੇ ਸਹੀ ਪਾਏ ਜਾਣ ਤੋਂ ਬਾਅਦ ਸਿਰਫ ਕੈਨੇਡਾ ਹੀ ਤਿੰਨ ਮੁਲਕਾਂ- ਕੈਨੇਡਾ-ਅਮਰੀਕਾ ਤੇ ਮੈਕਸਿਕੋ, ਵਿੱਚੋਂ ਇੱਕ ਅਜਿਹਾ ਮੁਲਕ ਬਚਿਆ ਹੈ ਜਿੱਥੇ ਇਸ ਡੀਲ ਦੀ ਅਜੇ ਤੱਕ ਪੁਸ਼ਟੀ ਨਹੀਂ ਹੋ ਸਕੀ ਹੈ। ਬੁੱਧਵਾਰ ਨੂੰ ਇਕ ਬਿਆਨ ਵਿੱਚ ਫਰੀਲੈਂਡ ਨੇ ਆਖਿਆ ਕਿ ਨਵੀਂ ਨਾਫਟਾ ਡੀਲ ਸਾਰੇ ਕੈਨੇਡੀਅਨਾਂ ਲਈ ਵੱਡੀ ਜਿੱਤ ਹੈ ਤੇ ਇਹ ਸਿਆਸੀ ਨਜ਼ਰੀਏ ਦੇ ਨਾਲ ਨਾਲ ਦੇਸ਼ ਦੇ ਹਰ ਖੇਤਰ ਲਈ ਫਾਇਦੇਮੰਦ ਹੈ।

## ਅੰਦਰ ਪੜ੍ਹੋ

ਇਟੋਬੀਕੋ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਚਾਰ ਵਿਅਕਤੀ ਕਾਬੂ



ਪੰਨਾ 03

ਦਿੱਲੀ ਵਿਧਾਨ ਸਭਾ ਚੋਣਾਂ: ਬਾਦਲ ਅਕਾਲੀ ਦਲ ਮੁੜ ਕੇ ਭਾਜਪਾ ਦੀ ਮਦਦ ਕਰਨ ਲਈ ਦਿੱਲੀ ਪਹੁੰਚ ਗਿਆ



ਪੰਨਾ 04

## ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਜਿੰਦ ਪੀਰ ਸੱਖਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਜਿੰਦ ਪੀਰ ਸੱਖਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਵੂਹਾਨ ਤੋਂ ਕੈਨੇਡੀਅਨਾਂ ਨੂੰ ਦੇਸ਼ ਲਿਆਉਣ ਲਈ ਕੈਨੇਡਾ ਤਿਆਰ ਕਰ ਰਿਹਾ ਹੈ ਖਾਸ ਜਹਾਜ਼



ਓਟਵਾ, 29 ਜਨਵਰੀ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਬੁੱਧਵਾਰ ਨੂੰ ਦੱਸਿਆ ਕਿ ਕੈਨੇਡਾ ਅਜਿਹਾ ਜਹਾਜ਼ ਤਿਆਰ ਕਰ ਰਿਹਾ ਹੈ ਜਿਹੜਾ ਚੀਨ ਦੇ ਵੂਹਾਨ ਸ਼ਹਿਰ, ਜਿੱਥੋਂ ਕੋਰੋਨਾਵਾਇਰਸ ਦੀ ਸ਼ੁਰੂਆਤ ਹੋਈ, ਵਿੱਚੋਂ ਕੈਨੇਡੀਅਨਾਂ ਨੂੰ ਦੇਸ਼ ਲੈ ਆਵੇ। ...ਬਾਕੀ ਪੰਨਾ 6 'ਤੇ

## ਹਫਤੇ ਵਿੱਚ ਦੋ ਦਿਨ ਹੜਤਾਲ ਕਰਨ ਦੀ ਤਿਆਰੀ ਕਰ ਰਹੇ ਹਨ ਐਲੀਮੈਂਟਰੀ ਅਧਿਆਪਕ



ਓਨਟਾਰੀਓ, 29 ਜਨਵਰੀ (ਪੋਸਟ ਬਿਊਰੋ) : ਯੂਨੀਅਨ ਅਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਸ਼ੁੱਕਰਵਾਰ ਤੱਕ ਡੀਲ ਸਿਰੇ ਨਾ ਚੜ੍ਹਨ ਦੀ ਸੂਰਤ ਵਿੱਚ ਓਨਟਾਰੀਓ ਦੇ ਪਬਲਿਕ ਐਲੀਮੈਂਟਰੀ ਟੀਚਰਜ਼ ਹਫਤੇ ਵਿੱਚ ਦੋ ਵਾਰੀ ਹੜਤਾਲ ਕਰਨਗੇ।

ਓਨਟਾਰੀਓ ਦੀ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਨੂੰ ਸੋਮਵਾਰ ਨੂੰ ਭੇਜੇ ਗਏ ਮੈਮੋ ਵਿੱਚ ਇਸ ਫੈਸਲੇ ਦਾ ਵਰਨਣ ਸੀ। ਇਹ ਫੈਸਲਾ ਅਗਲੇ ਹਫਤੇ ਤੋਂ ਅਮਲ ਵਿੱਚ ਲਿਆਂਦਾ ਜਾਵੇਗਾ। ਇਸ ਨਾਲ ਪ੍ਰੋਵਿੰਸ ਭਰ ਦੇ ਸਕੂਲ ਬੰਦ ਹੋ ਜਾਣਗੇ ਤੇ ਪਹਿਲਾਂ ਤੋਂ ਹੀ ਪਰੇਸ਼ਾਨ ਮਾਪਿਆਂ ਨੂੰ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਹੋਵੇਗਾ।ਮੈਮੋ ਵਿੱਚ ਆਖਿਆ ਗਿਆ ਹੈ ਕਿ ਜੇ 31 ਜਨਵਰੀ ਤੱਕ ਕੋਈ ਵੀ ਡੀਲ ਸਿਰੇ ਨਹੀਂ ਚੜ੍ਹਦੀ ਤਾਂ ਈਟੀਐਫਓ ਲੋਕਲਜ਼ ਸੇਵਾਂਵਾਂ ਪੂਰੀ ਤਰ੍ਹਾਂ ਬੰਦ ਕਰ ਦੇਵੇਗੀ। ਇਸ ਤੋਂ ਬਾਅਦ ਇੱਕ ਦਿਨ ਦੀ ਸਿਲਸਿਲੇਵਾਰ ਹੜਤਾਲ ਕੀਤੀ ਜਾਇਆ ਕਰੇਗੀ ਤੇ ਇੱਕ ਦਿਨ ਪੂਰੀ ਪ੍ਰੋਵਿੰਸ਼ੀਅਲ ਹੜਤਾਲ ਕੀਤੀ ਜਾਇਆ ਕਰੇਗੀ। ਪ੍ਰੋਵਿੰਸ ਪੱਧਰ ਦੀ ਪਹਿਲੀ ਵੱਡੀ ਹੜਤਾਲ 6 ਫਰਵਰੀ ਦਿਨ ਵੀਰਵਾਰ ਦੀ ਰੱਖੀ ਗਈ ਹੈ। ਉਸ ਤੋਂ ਅਗਲੇ ਦਿਨ ਟੋਰਾਂਟੋ ਤੇ ਯੌਰਕ ਪਬਲਿਕ ਬੋਰਡਜ਼ ਸਿਲਸਿਲੇਵਾਰ ਹੜਤਾਲ ਕਰਨਗੇ।

ਟੋਰਾਂਟੋ ਕੈਥੋਲਿਕ ਬੋਰਡ ਵੀ 7 ਫਰਵਰੀ ਨੂੰ ਪ੍ਰਭਾਵਿਤ ਹੋਵੇਗਾ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth RIBO
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI 416.994.7272
www.allkindinsurance.com

INSURANCE
Home Auto Business Trucking Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
❖Immigration ❖Real Estate / Commercial Law ❖Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL • ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੈਸਮੈਂਟ
COMMERCIAL • New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease - Business Purchase & Sale - Notarizations & Affidavits - Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate Family Law Business Closing Corporate Wills & Estate Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : •Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਇਟੋਬੀਕੋ ਵਿੱਚ ਡਾਕਾ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਚਾਰ ਵਿਅਕਤੀ ਕਾਬੂ



ਟੋਰਾਂਟੋ, 29 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਵਿਚ ਡਾਕੇ ਦੀ ਕੀਤੀ ਗਈ ਕਥਿਤ ਕੋਸਿਸ ਤੋਂ ਬਾਅਦ ਚਾਰ ਮਸਕੂਕਾਂ ਨੂੰ ਇਟੋਬੀਕੋ ਵਿਚ ਹਿਰਾਸਤ ਵਿਚ ਲੈ ਲਿਆ ਗਿਆ।

ਇਹ ਘਟਨਾ ਰਾਤੀਂ 9:00 ਵਜੇ ਵਾਪਰੀ। ਯੌਰਕ ਪੁਲਿਸ ਨੇ ਦਸਿਆ ਕਿ ਯੌਰਕ ਰੀਜਨ ਵਿਚ ਵਧ ਰਹੇ ਜੁਰਮ ਦੇ ਸਬੰਧ ਵਿਚ ਪੁਲਿਸ ਅਧਿਕਾਰੀ ਇਕ ਗਡੀ ਉਤੇ ਨਜਰ ਰਖ ਰਹੇ ਸਨ। ਵਾਈਆਰਪੀ ਅਨੁਸਾਰ ਗਡੀ ਵਿਚ ਸਵਾਰ ਵਿਅਕਤੀਆਂ ਨੇ ਬਰੈਂਪਟਨ ਵਿਚ ਇਕ ਕਮਰਸੀਅਲ ਪ੍ਰਾਪਰਟੀ ਨੂੰ ਲੁਟਣ ਦੀ ਕੋਸਿਸ ਕੀਤੀ। ਵਾਈਆਰਪੀ ਨੇ ਇਸ ਗਡੀ ਦਾ ਟੋਰਾਂਟੋ ਤਕ ਪਿਛਾ ਕੀਤਾ ਤੇ ਟੋਰਾਂਟੋ ਪੁਲਿਸ ਤੋਂ ਮਦਦ ਵੀ ਮੰਗੀ। ਟੋਰਾਂਟੋ ਪੁਲਿਸ ਨੇ ਵੀ ਰੌਇਲ ਯੌਰਕ ਰੋਡ ਤੇ ਐਗਲਿੰਟਨ ਐਵਨਿਊ ਵੈਸਟ ਤਕ ਮਸਕੂਕਾਂ ਦਾ ਪਿਛਾ ਕੀਤਾ।

ਡਿਊਟੀ ਇੰਸਪੈਕਟਰ ਜਿੰਮ ਗੌਟੈਲ ਨੇ ਦਸਿਆ ਕਿ ਟੋਰਾਂਟੋ ਪੁਲਿਸ ਵੀ ਇਲਾਕੇ ਵਿਚ ਗਈ ਤੇ ਅਸੀਂ ਗਡੀ ਦੀ ਪਛਾਣ ਵੀ ਕਰ ਲਈ। ਉਨ੍ਹਾਂ ਆਖਿਆ ਕਿ ਫਿਰ ਸਾਡੇ ਵਲੋਂ ਗਡੀ ਨੂੰ ਰੋਕਣ ਦੀ ਕੋਸਿਸ ਵੀ ਕੀਤੀ ਗਈ। ਇਸ ਤੋਂ ਬਾਅਦ ਗਡੀ ਪੁਲਿਸ ਕਰੂਜਰ ਨਾਲ ਟਕਰਾ ਗਈ ਤੇ ਇਸ ਤਰ੍ਹਾਂ ਉਨ੍ਹਾਂ ਦਾ ਪਿਛਾ ਕਰਨਾ ਅਸੀਂ ਬੰਦ ਕੀਤਾ।

ਗੌਟੈਲ ਨੇ ਆਖਿਆ ਕਿ ਇਹ ਹਾਦਸਾ ਮਾਮੂਲੀ ਹੀ ਸੀ। ਮਸਕੂਕਾਂ ਨੇ ਪੈਦਲ ਹੀ ਉਥੋਂ ਖਿਸਕਣ ਦੀ ਕੋਸਿਸ ਕੀਤੀ। ਇਕ ਮਸਕੂਕ ਨੂੰ ਮੌਕੇ ਤੋਂ ਹੀ ਗ੍ਰਿਫਤਾਰ ਕਰ ਲਿਆ ਗਿਆ ਜਦਕਿ ਬਾਕੀ ਫਰਾਰ ਹੋਣ ਵਿਚ ਕਾਮਯਾਬ ਹੋ ਗਏ। ਉਨ੍ਹਾਂ ਦਸਿਆ ਕਿ ਟੋਰਾਂਟੋ ਪੁਲਿਸ ਦੀਆਂ ਚਾਰ ਡਵੀਜਨਾਂ, ਯੌਰਕ ਰੀਜਨਲ ਪੁਲਿਸ, ਕੇ9 ਯੂਨਿਟ, ਐਮਰਜੰਸੀ ਟਾਸਕ ਫੋਰਡ ਤੇ ਫੋਰੈਂਸਿਕਸ ਮੌਕੇ ਉਤੇ ਪਹੁੰਚੇ। ਆਖਿਰਕਾਰ ਦੋ ਹੋਰ ਮਸਕੂਕਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ। ਉਨ੍ਹਾਂ ਦਸਿਆ ਕਿ ਇਨ੍ਹਾਂ ਮਸਕੂਕਾਂ ਉਤੇ ਲੁਟਮਾਰ ਦੇ ਦੋਸ ਲਗੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

OPEN HOUSE
On Feb 2nd From 2:00 to 4:00 pm
DOON SOUTH - KITCHENER
" 4 BEDROOM HOME"
SEPARATE ENTRANCE TO BASEMENT
Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777

IN - LAW SUITE
"BEAUTIFUL BUNGALOW 3/4 ACRE LOT IN-LAW SUITE"
1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
Call Joseph today 519-575-2777

IN - LAW SUITE 2018
Gated Executive Community
Large Custom Built Bungalow
OPEN HOUSE
On Feb 2nd From 2:00 to 4:00 pm
"EXECUTIVE LARGE FAMILY HOME IN-LAW SUITE"
This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018
**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਮਾਰੀ ਬੜ੍ਹਕ ਤੇ ਦਿੱਲੀ ਤੋਂ ਪਰਤ ਆਏ,
ਭਾਜਪਾ ਨਾਲ ਨਾਰਾਜ਼ ਸਨ ਬੜੇ ਮਿੱਤਰ।
ਪੁੱਛਣ ਉੱਤੇ ਅਕਾਲੀ ਇਹ ਆਖਦੇ ਸਨ,
ਇਕੱਲੀ ਭਾਜਪਾ ਹੀ ਦਿੱਲੀ ਲੜੇ ਮਿੱਤਰ।
ਜਿਹੜੀ ਥਾਂ ਉੱਤੋਂ ਆਪਾਂ ਚਲੇ ਆਈਏ,
ਮੁੜ ਕੇ ਕਦੇ ਨਾ ਓਸ ਥਾਂ ਵੜੇ ਮਿੱਤਰ।
ਕਰਨੀ ਮਦਦ ਨਾ ਕਿਹਾ ਸੀ ਭਾਜਪਾ ਦੀ,
ਦਿਨ ਚਾਰ ਉਹ ਰਹੇ ਨਹੀਂ ਖੜੇ ਮਿੱਤਰ।
ਖੁਦ ਉਹ ਦੌੜਦੇ ਦਿੱਲੀ ਦੇ ਤੀਕ ਪਹੁੰਚੇ,
ਜੱਫੀ ਭਾਜਪਾ ਲੀਡਰ ਨੂੰ ਪਾਈ ਮਿੱਤਰ।
ਜਿਹੜੀ ਸੱਦੀ ਨਾ ਕਿਸੇ ਬੁਲਾਈ ਹੈ ਸੀ,
ਬਣੀ ਲਾੜੇ ਦੀ ਅੱਜ ਆ ਤਾਈ ਮਿੱਤਰ।

**ਤੀਸ ਮਾਰ ਖਾਂ**

# ਦਿੱਲੀ ਵਿਧਾਨ ਸਭਾ ਚੋਣਾਂ: ਬਾਦਲ ਅਕਾਲੀ ਦਲ ਮੁੜ ਕੇ ਭਾਜਪਾ ਦੀ ਮਦਦ ਕਰਨ ਲਈ ਦਿੱਲੀ ਪਹੁੰਚ ਗਿਆ

ਨਵੀਂ ਦਿੱਲੀ, 29 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਬਾਰੇ ਭਾਜਪਾ ਦੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਾਂਝੀ ਪ੍ਰੈੱਸ ਕਾਨਫਰੰਸ ਕਰ ਕੇ ਐਲਾਨ ਕੀਤਾ ਹੈ ਕਿ ਰੁਸੇਵੇਂ ਛੱਡ ਕੇ ਅਕਾਲੀ ਦਲ ਫਿਰ ਦਿੱਲੀ ਵਿੱਚ ਭਾਜਪਾ ਦਾ ਸਮਰਥਨ ਕਰੇਗਾ।

ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਅਕਾਲੀ-ਭਾਜਪਾ ਗਠਜੋੜ ਪਹਿਲਾਂ ਵਾਂਗ ਹੀ ਮਜ਼ਬੂਤ ਹੈ। ਅਸੀਂ ਕਦੇ ਵੀ ਭਾਜਪਾ ਨਾਲ ਗਠਜੋੜ ਨਹੀਂ ਤੋੜਿਆ। ਵਰਨਣ ਯੋਗ ਹੈ ਕਿ ਇਸ ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨਾਲ ਦਿੱਲੀ ਵਿੱਚ ਮੁਲਾਕਾਤ ਕੀਤੀ ਅਤੇ ਸਾਰੇ ਗਿਲੇ-ਸ਼ਿਕਵੇ ਦੂਰ ਕੀਤੇ ਗਏ ਸਨ। ਦਿੱਲੀ ਚੋਣਾਂ ਬਾਰੇ ਹੋਈ ਇਸ ਮੁਲਾਕਾਤ ਤੋਂ ਬਾਅਦ ਦੋਵਾਂ ਨੇਤਾਵਾਂ ਨੇ

*** ਭਾਜਪਾ ਪ੍ਰਧਾਨ ਨੱਢਾ ਨਾਲ ਸੁਖਬੀਰ ਦੀ ਮੀਟਿੰਗ ਪਿੱਛੋਂ ਰੰਗ ਬਦਲੇ**

ਐਲਾਨ ਕੀਤਾ ਕਿ ਅਕਾਲੀ ਦਲ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦਾ ਸਾਥ ਦੇਵੇਗਾ। ਇਸ ਤੋਂ ਪਹਿਲਾਂ ਅਕਾਲੀ ਦਲ ਨੇ ਦਿੱਲੀ ਦੀਆਂ ਚੋਣਾਂ ਤੋਂ ਲਾਂਭੇ ਰਹਿਣ ਦਾ ਫੈਸਲਾ ਕੀਤਾ ਸੀ। ਇਹ ਫੈਸਲਾ ਅਕਾਲੀ ਦਲ ਦੀ ਲੀਡਰਸ਼ਿਪ ਨੇ ਦਿੱਲੀ ਵਿੱਚ ਭਾਜਪਾ ਵੱਲੋਂ ਉਨ੍ਹਾਂ ਵਾਸਤੇ ਕੋਈ ਸੀਟ ਨਾ ਛੱਡਣ ਕਾਰਨ ਕੀਤਾ ਸੀ, ਪਰ ਆਖਿਆ ਇਹ ਸੀ ਕਿ ਨਾਗਰਿਕਤਾ ਸੋਧ ਕਾਨੂੰਨ ਬਾਰੇ ਭਾਜਪਾ ਨਾਲ ਕੁਝ ਮਤਭੇਦਾਂ ਕਾਰਨ ਅਜਿਹਾ ਕਰਨਾ ਪਿਆ ਹੈ।

ਭਾਜਪਾ ਅਤੇ ਅਕਾਲੀ ਦਲ ਲੰਬੇ ਸਮੇਂ ਤੋਂ ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਮਿਲ ਕੇ ਲੜਦੇ ਆਏ ਹਨ, ਪਰ ਇਸ ਵਾਰ ਦੋਵੇਂ ਪਾਰਟੀਆਂ ਵੱਖ ਹੋ ਗਈਆਂ ਹਨ। ਸੀਟ ਵੰਡ ਦੀ ਨਾਰਾਜ਼ਗੀ ਪਿੱਛੋਂ ਅਕਾਲੀ ਦਲ ਨੇ ਨਾਗਰਿਕਤਾ ਕਾਨੂੰਨ




ਬਾਰੇ ਮੱਤਭੇਦਾਂ ਦੇ ਹਵਾਲੇ ਨਾਲ ਪਾਸਾ ਵੱਟਿਆ ਅਤੇ ਕਿਹਾ ਸੀ ਕਿ ਉਹ ਇਸ ਕਾਨੂੰਨ ਬਾਰੇ ਭਾਜਪਾ ਨਾਲ ਖੁਸ਼ ਨਹੀਂ, ਕਿਉਂਕਿ ਇਸ ਵਿੱਚ ਮੁਸਲਮਾਨਾਂ ਨੂੰ ਲਾਂਭੇ ਕਰ ਦਿੱਤਾ ਜਾਣਾ ਗਲਤ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਅੱਜ ਨਵੀਂ ਦਿੱਲੀ ਪਹੁੰਚੇ ਤੇ ਸ਼ਾਮ ਨੂੰ ਜੇ ਪੀ ਨੱਢਾ ਨੂੰ ਮਿਲਣ ਗਏ। ਉਨ੍ਹਾਂ ਨਾਲ ਸਾਬਕਾ ਅਕਾਲੀ ਪਾਰਲੀਮੈਂਟ ਮੈਂਬਰ ਅਤੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਹੋਰ ਆਗੂ ਵੀ ਸਨ। ਦੋਵਾਂ ਧਿਰਾਂ ਦੀ ਲੰਮੀ ਗੱਲਬਾਤ ਬਾਰੇ ਪਤਾ ਲੱਗਾ ਹੈ ਕਿ ਓਥੇ ਦਿੱਲੀ ਵਿਧਾਨ ਸਭਾ ਚੋਣਾਂ ਬਾਰੇ ਚਰਚਾ ਹੋਈ ਅਤੇ ਜੇ ਪੀ ਨੱਢਾ ਨੇ ਸੁਖਬੀਰ ਸਿੰਘ ਬਾਦਲ ਦੀ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਮੀਟਿੰਗ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਬਾਰੇ ਅਸੀਂ ਕਦੇ ਗਠਜੋੜ ਨਹੀਂ ਤੋੜਿਆ, ਅਕਾਲੀ ਦਲ ਨੇ ਸਿਰਫ਼ ਇਕੱਲੇ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਸੀ। ਨਵੇਂ ਨਾਗਰਿਕਤਾ ਕਾਨੂੰਨ ਬਾਰੇ ਉਨ੍ਹਾਂ ਸਫ਼ਾਈ ਦਿੱਤੀ ਕਿਹਾ ਕਿ ਅਕਾਲੀ ਦਲ ਸ਼ੁਰੂ ਤੋਂ ਇਸ ਕਾਨੂੰਨ ਦੀ ਹਮਾਇਤ ਕਰਦਾ ਰਿਹਾ ਹੈ ਤੇ ਅਕਾਲੀ ਦਲ ਸਿਰਫ਼ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਹਿੰਸਾ ਦੇ ਸ਼ਿਕਾਰ ਸਿੱਖਾਂ ਨੂੰ ਨਾਗਰਿਕਤਾ ਦੇਣ ਦੀ ਮੰਗ ਕਰਦਾ ਹੈ। ਇਸ ਬਾਰੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਅਸੀਂ ਮਿਲ ਚੁੱਕੇ ਹਾਂ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ ਕਿਹਾ ਕਿ ਭਾਜਪਾ-ਅਕਾਲੀ ਗਠਜੋੜ ਸਿਰਫ਼ ਸਿਆਸੀ ਚੋਣਾਂ ਦਾ ਗਠਜੋੜ ਨਹੀਂ, ਇਹ ਭਾਵਨਾਵਾਂ ਤੇ ਦਿਲਾਂ ਦਾ ਮੇਲ ਅਤੇ ਪੰਜਾਬ ਦੀ ਸ਼ਾਂਤੀ, ਸੋਹਣੇ ਭਵਿੱਖ ਤੇ ਉਸ ਦੇ ਹਿੱਤਾਂ ਲਈ ਭਾਵਨਾਵਾਂ ਦੀ ਸਾਂਝ ਹੈ। ਫਿਰ ਵੀ ਉਨ੍ਹਾਂ ਨੇ ਮੰਨਿਆ ਕਿ 'ਕੁਝ ਗ਼ਲਤ ਫਹਿਮੀਆਂ' ਸਨ, ਪਰ ਉਹ ਦੂਰ ਹੋ ਗਈਆਂ ਹਨ।

## ਚੋਣ ਕਮਿਸ਼ਨ ਦੀ ਸਖਤੀ: ਕੇਂਦਰੀ ਮੰਤਰੀ ਅਨੁਰਾਗ ਠਾਕੁਰ ਅਤੇ ਪ੍ਰਵੇਸ਼ ਵਰਮਾ ਉੱਤੇ ਪਾਬੰਦੀ ਲੱਗੀ

**ਸਟਾਰ ਪ੍ਰਚਾਰਕ ਦੀ ਸੂਚੀ ਵਿੱਚੋਂ ਕੱਢ ਦਿੱਤੇ ਗਏ**





ਨਵੀਂ ਦਿੱਲੀ, 29 ਜਨਵਰੀ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਲਈ ਚੱਲਦੇ ਚੋਣ ਪ੍ਰਚਾਰ ਵਿੱਚ ਭਾਜਪਾ ਨਾਲ ਜੁੜੇ ਕੁਝ ਨੇਤਾਵਾਂ ਦੇ ਵਿਵਾਦਤ ਬਿਆਨ ਅੱਜਕੱਲ੍ਹ ਚਰਚਾ ਵਿੱਚ ਹਨ। ਚੋਣ ਕਮਿਸ਼ਨ ਨੇ ਇੱਕ ਵਾਰ ਫਿਰ ਕੁਝ ਲੋਕਾਂ ਦੇ ਵਿਵਾਦਿਤ ਬਿਆਨਾਂ ਉੱਤੇ ਸਖਤੀ ਵਰਤਦੇ ਹੋਏ ਭਾਜਪਾ ਨੂੰ ਨੋਟਿਸ ਜਾਰੀ ਕੀਤਾ ਤੇ ਆਦੇਸ਼ ਦਿੱਤਾ ਹੈ ਕਿ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਤੇ ਪਾਰਲੀਮੈਂਟ ਮੈਂਬਰ ਪ੍ਰਵੇਸ਼ ਵਰਮਾ ਨੂੰ ਸਟਾਰ ਪ੍ਰਚਾਰਕਾਂ ਦੀ ਲਿਸਟ ਤੋਂ ਕੱਢ ਦੇਵੇ। ਚੋਣ ਕਮਿਸ਼ਨ ਦੇ ਆਦੇਸ਼ ਤੋਂ ਬਾਅਦ ਇਹ ਦੋਵੇਂ ਨੇਤਾ ਦਿੱਲੀ ਚੋਣਾਂ ਦੌਰਾਨ ਪਹਿਲਾਂ ਵਾਂਗ ਪ੍ਰਚਾਰ ਨਹੀਂ ਕਰ ਸਕਣਗੇ।

ਵਰਨਣ ਯੋਗ ਹੈ ਕਿ ਦਿੱਲੀ ਦੇ ਇਕ ਚੋਣ ਜਲਸੇ ਵਿੱਚ 'ਗੋਲੀ ਮਾਰੋ' ਦੇ ਨਾਅਰੇ ਲਵਾਉਣ ਕਾਰਨ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਦੇ ਖਿਲਾਫ ਸ਼ਿਕਾਇਤ ਹੋਈ ਸੀ ਅਤੇ ਉਨ੍ਹਾਂ ਨੂੰ ਚੋਣ ਕਮਿਸ਼ਨ ਨੇ ਨੋਟਿਸ ਜਾਰੀ ਕਰ ਕੇ ਸਫਾਈ ਮੰਗੀ ਸੀ। ਅਨੁਰਾਗ ਠਾਕੁਰ ਸੋਮਵਾਰ ਇਕ ਚੋਣ ਜਲਸੇ ਨੂੰ ਸੰਬੋਧਨ ਕਰਨ ਲਈ ਪੁੱਜੇ ਤਾਂ ਇਸ ਦੌਰਾਨ 'ਦੇਸ਼ ਦੇ ਗੱਦਾਰਾਂ ਨੂੰ ਗੋਲੀ ਮਾਰੋ' ਦੇ ਨਾਅਰੇ ਲਵਾਉਂਦੇ ਰਹੇ ਸਨ, ਜਿਸ ਤੋਂ ਵਿਵਾਦ ਹੋਇਆ ਸੀ।

ਦੂਸਰੇ ਪਾਸੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਪ੍ਰਵੇਸ਼ ਵਰਮਾ ਨੇ ਆਖਿਆ ਸੀ ਕਿ ਕਸ਼ਮੀਰ ਵਿੱਚ ਜੋ ਕੁਝ ਕਸ਼ਮੀਰੀ ਪੰਡਿਤਾਂ ਨਾਲ ਹੋਇਆ ਹੈ, ਉਹ ਦਿੱਲੀ ਵਿੱਚ ਵੀ ਹੋ ਸਕਦਾ ਹੈ। ਸ਼ਾਹੀਨ ਬਾਗ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿਖਾਵੇ ਦੇ ਖਿਲਾਫ ਭਾਜਪਾ ਦੇ ਤਿੱਖੇ ਹਮਲਿਆਂ ਦਰਮਿਆਨ ਵਰਮਾ ਨੇ ਚਿਤਾਵਨੀ ਦਿੱਤੀ ਕਿ ਸ਼ਾਹੀਨ ਬਾਗ ਵਿੱਚ ਮੌਜੂਦ ਇਸ ਕਾਨੂੰਨ ਦੇ ਵਿਰੋਧੀ ਵਿਖਾਵਾਕਾਰੀ ਤਾਂ ਲੋਕਾਂ ਦੇ ਘਰਾਂ ਵਿੱਚ ਵੜ ਕੇ ਉਨ੍ਹਾਂ ਦੀਆਂ ਭੈਣਾਂ ਤੇ ਬੇਟੀਆਂ ਨਾਲ ਬਲਾਤਕਾਰ ਵੀ ਕਰ ਸਕਦੇ ਹਨ, ਉਨ੍ਹਾਂ ਦੀ ਹੱਤਿਆ ਵੀ ਕਰ ਸਕਦੇ ਹਨ।

## ਭਾਰਤ ਦਾ ਨਾਗਰਿਕਤਾ ਕਾਨੂੰਨ: ਯੂਰਪੀਨ ਪਾਰਲੀਮੈਂਟ ਵਿੱਚ ਵਿਰੋਧ ਦੇ ਮਤੇ ਉੱਤੇ ਵੋਟਿੰਗ ਭਾਰਤ ਦੇ ਦਬਾਅ ਹੇਠ ਟਲੀ

ਪੈਰਿਸ, 29 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਪਾਸ ਕੀਤੇ ਨਾਗਰਿਕਤਾ ਸੋਧ ਕਾਨੂੰਨ ਦੇ ਮੁੱਦੇ ਉੱਤੇ ਅੱਜ ਭਾਰਤ ਸਰਕਾਰ ਨੂੰ ਕੂਟਨੀਤਕ ਸਫਲਤਾ ਮਿਲੀ ਹੈ। ਯੂਰਪੀਨ ਪਾਰਲੀਮੈਂਟ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਖਿਲਾਫ ਪੇਸ਼ ਕੀਤੇ ਗਏ ਮਤੇ ਉੱਤੇ ਵੋਟਿੰਗ ਟਾਲ ਦਿੱਤੀ ਗਈ ਹੈ।

ਉਂਜ ਹਾਲ ਦੀ ਘੜੀ ਸਿਰਫ ਏਨਾ ਫਰਕ ਪਿਆ ਹੈ ਕਿ ਪਹਿਲਾਂ ਜਿਹੜੀ ਵੋਟਿੰਗ ਵੀਰਵਾਰ ਨੂੰ ਹੋਣੀ ਸੀ, ਉਸ ਦੀ ਪ੍ਰਕਿਰਿਆ 31 ਮਾਰਚ ਨੂੰ ਹੋਣ ਦੀ ਸੰਭਾਵਨਾ ਹੈ। ਬਿਜਨੈਸ ਏਜੰਡਾ ਲਈ ਅੱਜ ਦੋ ਵਾਰੀ ਵੋਟਿੰਗ ਹੋਈ ਤਾਂ ਪਹਿਲਾ ਮਤਾ ਇਸ ਵਿਰੋਧ ਮਤੇ ਨੂੰ ਵਾਪਸ ਲੈਣ ਬਾਰੇ ਸੀ। ਇਸ ਦੇ ਪੱਖ ਵਿੱਚ 356 ਵੋਟ ਤੇ ਵਿਰੋਧ ਵਿੱਚ 111 ਵੋਟ ਪਏ ਸਨ। ਦੂਜਾ ਮਤਾ ਵੋਟਿੰਗ ਟਾਲਣ ਬਾਰੇ ਸੀ। ਇਸ ਦੇ ਪੱਖ ਵਿੱਚ 271 ਅਤੇ ਵਿਰੋਧ ਵਿੱਚ 199 ਵੋਟ ਪਏ ਹਨ। ਇਸ ਸੰਬੰਧ ਵਿੱਚ ਯੂਰਪੀਨ ਪਾਰਲੀਮੈਂਟ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਬ੍ਰਸੇਲਸ ਵਿੱਚ ਅੱਜ ਵਾਲੇ ਸੈਸ਼ਨ ਵਿੱਚ ਹੋਏ ਫੈਸਲੇ ਤੋਂ ਬਾਅਦ ਨਾਗਰਿਕਤਾ ਸੋਧ ਕਾਨੂੰਨ ਦੇ

*** ਬ੍ਰਿਟੇਨ ਦੇ ਬ੍ਰੈਗਜ਼ਿਟ ਨੂੰ ਵੀ ਪ੍ਰਵਾਨਗੀ ਮਿਲੀ**

ਮਤੇ ਉੱਤੇ ਵੋਟਿੰਗ ਮਾਰਚ ਤਕ ਟਾਲ ਦਿੱਤੀ ਗਈ ਹੈ। ਵੋਟਿੰਗ ਨੂੰ ਟਾਲਣ ਦੇ ਜਵਾਬ ਵਿੱਚ ਸਰਕਾਰੀ ਸੂਤਰਾਂ ਨੇ ਕਿਹਾ ਕਿ 'ਭਾਰਤ ਦੇ ਦੋਸਤ' ਯੂਰਪੀਨ ਪਾਰਲੀਮੈਂਟ ਵਿੱਚ 'ਪਾਕਿਸਤਾਨ ਦੇ ਦੋਸਤ' ਵਾਲੇ ਗਰੁੱਪ ਉੱਤੇ ਭਾਰੂ ਰਹੇ ਹਨ। ਭਾਰਤ ਦਾ ਕਹਿਣਾ ਹੈ ਕਿ ਇਹ ਸਾਡਾ ਅੰਦਰੂਨੀ ਮਾਮਲਾ ਹੈ ਤੇ ਲੋਕਤੰਤਰੀ ਤਰੀਕੇ ਨਾਲ ਯੋਗ ਪ੍ਰਕਿਰਿਆ ਨਾਲ ਕੀਤਾ ਗਿਆ ਹੈ ਤੇ ਸਾਨੂੰ ਆਸ ਹੈ ਕਿ ਸਾਡੇ ਨਜ਼ਰੀਏ ਨੂੰ ਸਮਝਿਆ ਜਾਵੇਗਾ।

ਇਸ ਦੌਰਾਨ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਵੱਖ ਹੋਣ (ਬ੍ਰੈਗਜ਼ਿਟ) ਨੂੰ ਅੱਜ ਬੁੱਧਵਾਰ ਯੂਰਪਨ ਪਾਰਲੀਮੈਂਟ ਦੇ ਮੈਂਬਰਾਂ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਬਹਿਸ ਵਿਚ ਬ੍ਰਿਟੇਨ ਬਾਰੇ ਮਿਲੀਆਂ-ਜੁਲੀਆਂ ਟਿੱਪਣੀਆਂ ਕੀਤੀਆਂ ਗਈਆਂ, ਜਿਸ ਵਿਚ ਕੁਝ ਮੈਂਬਰਾਂ ਨੇ ਬ੍ਰਿਟੇਨ ਨੂੰ ਭਵਿੱਖ ਦੇ ਵਪਾਰ ਦੌਰਾਨ ਬਹੁਤ ਜ਼ਿਆਦਾ ਰਿਆਇਤਾਂ ਨਾ ਦੇਣ ਦੀ ਵੀ ਚਿਤਾਵਨੀ ਦੇ ਦਿੱਤੀ। ਆਖਰ ਨੂੰ ਯੂਰਪੀਨ ਪਾਰਲੀਮੈਂਟ ਵਿਚ ਬ੍ਰੈਗਜ਼ਿਟ ਸਮਝੌਤੇ ਦੇ ਪੱਖ ਵਿਚ 621 ਵੋਟਾਂ ਅਤੇ ਖਿਲਾਫ 49 ਵੋਟਾਂ ਪਈਆਂ। ਇਸ ਨਾਲ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਵੱਖ ਹੋਣ ਨੂੰ ਮਨਜ਼ੂਰੀ ਮਿਲ ਗਈ। ਇਸ ਬ੍ਰੈਗਜ਼ਿਟ ਬਾਰੇ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਪਿਛਲੇ ਸਾਲ ਯੂਰਪੀ ਯੂਨੀਅਨ ਦੇ 27 ਨੇਤਾਵਾਂ ਨਾਲ ਗੱਲਬਾਤ ਦੇ ਬਾਅਦ ਸਮਝੌਤਾ ਕੀਤਾ ਸੀ। ਬ੍ਰਿਟੇਨ ਜੂਨ 2016 ਵਿਚ ਯੂਰਪੀਨ ਯੂਨੀਅਨ ਤੋਂ ਨਿਕਲਣ ਲਈ ਕਰਾਏ ਆਪਣੇ ਰੈਫਰੈਂਡਮ ਉੱਤੇ ਅਮਲ ਲਈ ਅੜਿਆ ਹੋਇਆ ਸੀ। ਯੂਰਪੀਨ ਯੂਨੀਅਨ ਦੇ ਦੇਸ਼ ਪਹਿਲਾਂ ਹੀ ਬ੍ਰਿਟੇਨ ਦੇ ਨਾਲ ਨਵੇਂ ਵਪਾਰ ਸਮਝੌਤੇ ਉੱਤੇ ਗੱਲਬਾਤ ਦੀ ਸੰਭਾਵਨਾ ਲਈ ਤਿਆਰ ਹੋ ਰਹੇ ਸਨ। ਇਸ ਸ਼ੁੱਕਰਵਾਰ ਨੂੰ ਯੂਰਪੀਨ ਯੂਨੀਅਨ ਤੋਂ ਵੱਖ ਹੋ ਜਾਣ ਤੋਂ ਬਾਅਦ ਬ੍ਰਿਟੇਨ ਇਸ ਸਾਲ ਦੇ ਅੰਤ ਤੱਕ ਯੂਰਪੀਨ ਯੂਨੀਅਨ ਦੀ ਆਰਥਿਕ ਵਿਵਸਥਾ ਵਿਚ ਰਹੇਗਾ, ਪਰ ਕਿਸੇ ਨੀਤੀ ਬਾਰੇ ਉਹ ਕੋਈ ਰਾਏ ਨਹੀਂ ਦੇ ਸਕੇਗਾ। ਬ੍ਰਿਟੇਨ ਯੂਰਪੀਨ ਯੂਨੀਅਨ ਛੱਡਣ ਵਾਲਾ ਪਹਿਲਾ ਦੇਸ਼ ਹੈ।

# ਮਨਜੀਤ ਸਿੰਘ ਜੀ ਕੇ ਵੱਲੋਂ ਦਿੱਲੀ ਚੋਣਾਂ ਵਿੱਚ ਭਾਜਪਾ ਦੀ ਮਦਦ ਦਾ ਐਲਾਨ



ਨਵੀਂ ਦਿੱਲੀ, 29 ਜਨਵਰੀ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਐਲਾਨ ਕੀਤਾ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਦੀ ਨਵੀਂ ਬਣਾਈ ਹੋਈ ਜਾਗੋ ਪਾਰਟੀ ਵੀ ਸਾਂਝੇ ਹਿੱਤਾਂ ਨੂੰ ਮੁੱਖ ਰੱਖ ਕੇ ਭਾਜਪਾ ਦਾ ਸਮਰਥਨ ਕਰੇਗੀ।

ਇਸ ਸੰਬੰਧ ਵਿੱਚ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ "ਸਾਡੀ ਪਾਰਟੀ 'ਜਾਗੋ' (ਜਗ ਆਸਰਾ ਗੁਰੂ ਓਟ) ਦਿੱਲੀ ਦੀਆਂ ਚੋਣਾਂ ਵਿੱਚ ਭਾਜਪਾ ਨੂੰ ਸਮਰਥਨ ਦੇਵੇਗੀ।" ਉਨ੍ਹਾਂ ਕਿਹਾ ਕਿ ਜਿਹੜਾ ਕੋਈ ਸਾਡੇ ਮਸਲੇ ਹੱਲ ਕਰੇਗਾ, ਅਸੀਂ ਉਸ ਦਾ ਸਾਥ ਦੇਵਾਂਗੇ, ਪਿਛਲੇ ਛੇ ਸਾਲਾਂ ਵਿੱਚ ਸਿੱਖਾਂ ਦੇ ਕਈ ਮਸਲੇ ਹੱਲ ਹੋਏ ਹਨ, ਅਸੀਂ ਆਪਣੀ ਸਿੱਖ ਕੌਮ ਦੇ ਹੋਰ ਮਸਲੇ ਵੀ ਹੱਲ ਕਰਵਾਉਣੇ ਹਨ, ਇਸ ਲਈ ਇਸ ਚੋਣ ਮੌਕੇ ਭਾਜਪਾ ਦਾ ਸਾਥ ਦੇਵਾਂਗੇ।

ਵਰਨਣ ਯੋਗ ਹੈ ਕਿ ਮਨਜੀਤ ਸਿੰਘ ਜੀ ਕੇ ਨੇ ਇਹ ਐਲਾਨ ਭਾਜਪਾ ਦੇ ਨਵੇਂ ਚੁਣੇ ਪ੍ਰਧਾਨ ਜੇ ਪੀ ਨੱਢਾ ਨਾਲ ਇੱਕ ਮੁਲਾਕਾਤ ਤੋਂ ਬਾਅਦ ਕੀਤਾ ਸੀ ਤੇ ਉਨ੍ਹਾਂ ਦੇ ਇਸ ਐਲਾਨ ਨੇ ਥੋੜ੍ਹੀ ਦੇਰ ਬਾਅਦ ਹੀ ਬਾਦਲ ਅਕਾਲੀ ਦਲ ਨੂੰ ਵੀ ਭਜਪਾ ਦੀ ਮਦਦ ਦਾ ਐਲਾਨ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਮਨਜੀਤ ਸਿੰਘ ਜੀ ਕੇ ਨੇ ਅੱਜ ਦਿੱਲੀ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਭਾਜਪਾ ਨੂੰ ਸਮਰਥਨ ਬਾਰੇ ਕਿਹਾ ਕਿ ਭਾਜਪਾ ਆਗੂਆਂ ਨੇ ਮੇਰੇ ਨਾਲ ਸੰਪਰਕ ਕਰ ਕੇ ਹਮਾਇਤ ਮੰਗੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਭਾਜਪਾ ਤੋਂ ਟਿਕਟ ਨਹੀਂ ਚਾਹੀਦੀ। ਇਸ ਮੌਕੇ ਮਨਜੀਤ ਸਿੰਘ ਜੀ ਕੇ ਨੇ ਪ੍ਰਕਾਸ਼ ਸਿੰਘ ਬਾਦਲ ਬਾਰੇ ਕਹਿ ਦਿੱਤਾ ਕਿ ਉਹ ਆਪਣੇ ਨਿੱਜੀ ਹਿੱਤਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਜਾਂਦੇ ਹਨ, ਇਸ ਲਈ ਭਾਜਪਾ ਨੇ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣ ਵੇਲੇ ਮਨਜੀਤ ਸਿੰਘ ਜੀ ਕੇ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ, ਜਿਸ ਕਾਰਨ ਉਨ੍ਹਾਂ ਨੇ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਸੀ। ਪਿਛਲੇ ਸਾਲ ਸੁਖਬੀਰ ਸਿੰਘ ਦੀ ਪ੍ਰਧਾਨਗੀ ਹੇਠ ਉਨ੍ਹਾਂ ਨੂੰ ਅਕਾਲੀ ਦਲ ਤੋਂ ਵੀ ਕੱਢਣ ਦਾ ਐਲਾਨ ਕਰ ਦਿੱਤਾ ਗਿਆ ਸੀ। ਇਸ ਘਟਨਾਕ੍ਰਮ ਤੋਂ ਬਾਅਦ ਮਨਜੀਤ ਸਿੰਘ ਜੀ ਕੇ ਆਪਣੀ ਨਵੀਂ 'ਜਾਗੋ ਪਾਰਟੀ' ਬਣਾਈ ਸੀ। ਅੱਜ ਭਾਜਪਾ ਦੀ ਹਮਾਇਤ ਕਰਨ ਦੇ ਉਨ੍ਹਾਂ ਦੇ ਐਲਾਨ ਨੇ ਬਾਦਲ ਅਕਾਲੀ ਦਲ ਨੂੰ ਵੀ ਭਾਜਪਾ ਦੀ ਹਮਾਇਤ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਇਸ ਦੇ ਕੁਝ ਹੀ ਦੇਰ ਬਾਅਦ ਸੁਖਬੀਰ ਸਿੰਘ ਬਾਦਲ ਨੇ ਵੀ ਭਾਜਪਾ ਦੀ ਹਮਾਇਤ ਕਰ ਦਿੱਤੀ ਹੈ।










# ਮਾਲਵਾ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਕਲੰਡਰ ਜਾਰੀ



ਲੁਧਿਆਣਾ, 29 ਜਨਵਰੀ (ਗਿਆਨ ਸਿੰਘ): ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੁਆਰਾ ਪੰਜਾਬੀ ਭਵਨ ਵਿਖੇ ਕਰਵਾਏ ਗਏ 26ਵੇਂ ਧੀਆਂ ਦੇ ਲੋਹੜੀ ਮੇਲੇ ਦਾ ਕਲੰਡਰ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਦੀ ਅਗਵਾਈ ਵਿੱਚ ਜਾਰੀ ਕੀਤਾ ਗਿਆ। ਬਾਵਾ ਅਤੇ ਲਵਲੀ ਨੇ ਕਿਹਾ ਕਿ ਇਹ ਧੀਆਂ ਦੇ ਲੋਹੜੀ ਮੇਲੇ ਦਾ ਕਲੰਡਰ ਦੇਸ਼ ਵਿਦੇਸ਼ਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਕਲੰਡਰ ਅਤੇ ਇਸ ਤੇ ਲੱਗੀਆਂ ਫੋਟੋਆਂ ਆਪਣੇ ਆਪ ਵਿੱਚ ਧੀਆਂ ਦੀ ਲੋਹੜੀ ਮਨਾਉਣ ਦਾ ਸੰਦੇਸ਼ ਦੇ ਰਹੀ ਹੈ। ਉਹਨਾਂ ਕਿਹਾ ਕਿ ਬੇਟੀ ਅਤੇ ਬੇਟੇ ਦੇ ਜਨਮ ਨੂੰ ਲੈ ਕੇ ਕੀਤੇ ਜਾ ਰਹੇ ਮਤਭਦ ਨੂੰ ਖਤਮ ਕਰਨ ਵਿੱਚ ਇਹ ਕਲੰਡਰ ਅਹਿਮ ਰੋਲ ਅਦਾ ਕਰੇਗਾ। ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਕਿਹਾ ਕਿ ਜੋ ਵੀ ਚਾਹੇ ਉਹ ਸਾਡੇ ਤੋਂ ਇਹ ਕਲੰਡਰ ਬਿਲਕੁੱਲ ਫਰੀ ਲੈ ਸਕਦਾ ਹੈ, ਕਿਉਂਕਿ ਇਹ ਕਲੰਡਰ ਧੀਆਂ ਦੀ ਲੋਹੜੀ ਮਨਾਉਣ ਦਾ ਪ੍ਰਚਾਰ ਵੀ ਹੈ। ਇਸ ਮੌਕੇ ਤੇ ਕੈਨੇਡਾ ਦੇ ਮੀਡੀਆ ਤੋਂ ਮਨਧੀਰ ਮੰਨੂ, ਪੰਜਾਬੀ ਗਾਇਕ ਪਾਲੀ ਦੇਤਵਾਲੀਆ, ਮੰਚ ਦੇ ਉਪ-ਚੇਅਰਮੈਨ ਚਮਨ ਲਾਲ ਬੱਤਰਾ, ਪ੍ਰਧਾਨ ਜਰਨੈਲ ਸਿੰਘ ਤੂਰ, ਜਨਰਲ ਸਕੱਤਰ ਮਨਜੀਤ ਸਿੰਘ ਹੰਬੜਾ, ਸੁਖਵਿੰਦਰ ਸਿੰਘ ਯਾਦਵ, ਸੂਬੇਦਾਰ ਗੁਲਵੰਤ ਸਿੰਘ, ਸੇਵਾ-ਮੁਕਤ ਐਸ.ਪੀ. ਧਰਮਵੀਰ ਧੰਮੀ, ਜਗਦੇਵ ਸਿੰਘ ਲੋਟੇ, ਪ੍ਰਚਾਰ ਸਕੱਤਰ ਰੇਸ਼ਮ ਸਿੰਘ ਸੱਗੂ ਅਤੇ ਗੌਰਵ ਮਹਿੰਦਰੂ ਸ਼ਾਮਲ ਹੋਏ।

## ਪਰਮਜੀਤ ਬੜਿੰਗ ਵੱਲੋਂ ਜੀਵਨ ਦਾ ਨਵਾਂ ਸਫਰ ਸ਼ੁਰੂ

ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਦੇ ਸਾਬਕਾ ਪਰਧਾਨ ਪਰਮਜੀਤ ਬੜਿੰਗ ਦੀ ਪਤਨੀ ਬਲਬੀਰ ਕੌਰ ਦੇ ਸਦੀਵੀ ਵਿਛੋੜਾ ਨਾ ਸਹਿ ਸਕਣ ਕਾਰਣ ਅਤੇ ਜੀਵਨ ਵਿੱਚ ਆਏ ਇਕਲਾਪੇ ਕਾਰਨ ਮਾਨਸਿਕ ਹਾਲਤ ਤੇ ਬਹੁਤ ਬੁਰਾ ਪਰਭਾਵ ਪਿਆ। ਉਸ ਨੂੰ ਮਹਿਸੂਸ ਹੋਣ ਲੱਗਾ ਕਿ ਹੁਣ ਉਹ ਬਹੁਤਾ ਚਿਰ ਜੀਅ ਨਹੀਂ ਸਕੇਗਾ। ਪਰ ਉਸ ਦੀ ਆਪਣੇ ਨਿਜ ਅਤੇ ਸਮਾਜ ਖਾਤਿਰ ਜਿਉਣ ਦੀ ਪਰਬਲ ਇੱਛਾ ਹੋਣ ਕਰਕੇ ਉਸ ਨੇ ਇਸ ਮਾਰੂ ਇਕਲਾਪੇ ਤੋਂ ਮੁਕਤੀ ਲਈ ਸੋਚਣਾ ਸ਼ੁਰੂ ਕਰ ਦਿੱਤਾ। ਉਸ ਦੇ ਦੱਸਣ ਮੁਤਾ-ਬਕ ਉਸ ਨੇ ਇੰਟਰਨੈਂਟ ਤੇ ਹੋਰ ਖੋਜ ਸਰਵੇਖਣਾਂ ਦਾ ਅਧਿਅਨ ਕਰ ਕੇ ਪਤਾ ਕੀਤਾ ਕਿ ਕਨੇਡੀਅਨ ਸੁਸਾਇਟੀ ਵਿੱਚ ਜੇਕਰ ਵੱਡੀ ਉਮਰ ਦੇ ਜੋੜੇ ਵਿੱਚੋਂ ਇੱਕ ਵਿਛੜ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਜੇਕਰ ਪਿੱਛੇ ਇਸਤਰੀ ਰਹਿ ਜਾਵੇ ਤਾਂ ਉਹ ਕਈ ਕਾਰਨਾਂ ਕਰਕੇ ਲੰਬਾ ਸਮਾਂ ਜਿਉਂਦੀ ਰਹਿ ਸਕਦੀ ਹੈ। ਇਕੱਲਤਾ, ਉਦਾਸੀ-ਰੋਗ ਅਤੇ ਉਦਾਸੀਨਤਾ ਕਾਰਨ 60 ਤੋਂ 70% ਮਰਦ 6-7 ਸਾਲ ਵਿੱਚ ਮਰ ਜਾਂਦੇ ਹਨ। ਉਸ ਦੇ ਇਸ ਅਧਿਅਨ ਦੀ ਪ੍ਰੋੜ੍ਹਤਾ ਉਸ ਦੇ ਫੈਮਲੀ ਡਾਕਟਰ ਅਤੇ ਸਾਈਕੈਟਰੀ (ਮਨੋਵਿਗਿਆਨ)ਦੇ ਸਪੈਸਲਿਸਟ ਡਾਕਟਰ ਨੇ ਵੀ ਉਸ ਦੀ ਇਸ ਸੋਚ ਦਾ ਸਮਰਥਨ ਕੀਤਾ ਕਿ ਉਸ ਨੂੰ ਜੀਵਨ ਸਾਥਣ ਦੀ ਲੋੜ ਹੈ। ਉਹਨਾਂ ਕਿਹਾ ਕਿ ਅਸੀਂ ਇਸ ਸਬੰਧੀ ਲਿਖ ਕੇ ਵੀ ਦੇ ਸਕਦੇ ਹਾਂ। ਇਸ ਸਬੰਧੀ ਡੂੰਘਾ ਅਧਿਅਨ ਕਰ ਕੇ ਆਪਣੇ ਵਰਗੀ ਹੀ ਜੀਵਣ ਸਾਥਣ ਲੱਭਣ ਦਾ ਫੈਸਲਾ ਲੈ ਲਿਆ। ਉਸ ਦੇ ਬਹੁਤ ਸਾਰੇ ਮਿੱਤਰਾਂ ਨੇ ਉਸ ਨੂੰ ਇਸ ਦੇ ਸਾਰੇ ਪੱਖ ਘੋਖਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਸਾਡੀ ਸੁਸਾਇਟੀ ਨੂੰ ਇਹ ਗੱਲ ਜਿਆਦਾ ਪਚਣੀ ਨਹੀਂ। ਉਸ ਦਾ ਜਵਾਬ ਸੀ ਕਿ ਦੁਨੀਆ ਬਹੁਤ ਅੱਗੇ ਨਿਕਲ ਗਈ ਹੈ ਜੋ ਹੋਵੇਗਾ ਦੇਖਿਆ ਜਾਵੇਗਾ। ਮੈ ਘੁਟ-ਘੁਟ ਕੇ ਮਰਨਾ ਨਹੀਂ ਚਾਹੁੰਦਾ। ਅੰਤ ਉਸਦੇ ਫੈਸਲੇ ਦੇ ਨਤੀਜੇ ਵਜੋਂ ਵਿਧਵਾ ਔਰਤ ਜੀਵਨ ਸਤਵੰਤ ਨੂੰ ਆਪਣੀ ਜੀਵਣ ਸਾਥਣ ਚੁਣ ਲਿਆ।ਇਸ ਤਰ੍ਹਾਂ ਉਸ ਨੇ ਆਪਣੇ ਜੀਵਨ ਦਾ ਨਵੇਂ ਸਿਰੇ ਤੋਂ ਸਫਰ ਸ਼ੁਰੂ ਕਰ ਲਿਆ।

ਪਿਛਲੇ ਦਿਨੀ ਉਸ ਨੇ ਆਪਣੀ ਸਾਥਣ ਸਮੇਤ ਆਪਣੇ ਪਰਿਵਾਰਕ ਮੈਂਬਰਾਂ ਅਤੇ ਬਹੁਤ ਨਜਦੀਕੀ ਮਿੱਤਰਾਂ ਨੂੰ ਪਾਰਟੀ ਕੀਤੀ ਜਿਸ ਵਿੱਚ ਉਸਦੇ ਭੈਣ ਭਰਾ, ਮਾਮੇ ਦੀਆਂ ਲੜਕੀਆਂ ਦੇ ਪਰਿਵਾਰਾਂ, ਉਸ ਦੀ ਨਵੀਂ ਜੀਵਣ ਸਾਥਣ ਦਾ ਭਰਾ ਅਤੇ ਨਜਦੀਕੀ ਰਿਸ਼ਤੇ ਦਾਰ ਸ਼ਾਮਲ ਹੋਏ। ਇਸ ਮੌਕੇ ਤੇ ਤਰਕਸ਼ੀਲ ਆਗੂ ਰਾਜਿੰਦਰ ਭਦੌੜ, ਮੇਘ ਰਾਜ ਮਿੱਤਰ, ਮਾਸਟਰ ਰਾਮ ਕੁਮਾਰ ਲੋਕ ਸੰਗੀਤ ਮੰਡਲੀ ਭਦੌੜ, ਜੀਵਨ ਕੁਮਾਰ ਸ਼ਹਿਣਾ, ਗੁਰਮੇਲ ਸਿੰਘ , ਅਵਤਾਰ ਸਿੰਘ ਬਾਸੀ, ਦੇਵ ਸੂਦ,ਅਮਰਜੀਤ ਸਿੰਘ, ਮਾਸਟਰ ਕੁਲਵੰਤ ਸਿੰਘ ਅਤੇ ਹੋਰ ਮਿੱਤਰ ਹਾਜਰ ਸਨ। ਪਿੰਡ ਵਲੋਂ ਮੁਖਤਿਆਰ ਸਿੰਘ ਸਾਬਕਾ ਐਮ ਸੀ, ਜਰਨੈਲ ਸਿੰਘ, ਜੀਤ ਸਿੰਘ ਭੱਟੀ, ਮਾਸਟਰ ਨਿਰਮਲ ਸਿੰਘ, ਹਰਬੰਸ ਸਿੰਘ, ਜਾਗਰ ਸਿੰਘ ਆਦਿ ਸ਼ਾਮਲ ਸਨ। ਬਰੇਕ ਫਾਸਟ ਤੋਂ ਬਾਦ ਪਰਮਜੀਤ ਵਲੋਂ ਆਏ ਸਾਰੇ ਮਹਿਮਾਨਾਂ ਦੀ ਇੱਕ ਦੂਜੇ ਨਾਲ ਜਾਣ-ਪਹਿਚਾਣ ਕਰਵਾਈ। ਭਾਵੇਂ ਉਹਨਾਂ ਦੀ 90 ਸਾਲਾ ਮਾਤਾ ਸਿਹਤ ਠੀਕ ਨਾ ਹੋਣ ਕਾਰਣ ਪਾਰਟੀ ਵਿੱਚ ਸ਼ਾਮਲ ਨਾ ਹੋ ਸਕੀ ਪਰ ਘਰ ਆਈ ਨੂੰਹ ਦਾ ਸ਼ਗਨਾਂ ਨਾਲ ਸਵਾਗਤ ਕੀਤਾ।

ਇਸ ਮੌਕੇ ਰਾਜਿੰਦਰ ਭਦੌੜ ਨੇ ਸੰਖੇਪ ਵਿੱਚ ਗੱਲ ਕਰਦਿਆਂ ਕਿਹਾ ਕਿ ਪਰਮਜੀਤ ਦੁਆਰਾ ਲਿਆ ਇਹ ਫੈਸਲਾ ਦਰੁਸਤ ਹੈ ਤੇ ਹੋਰਨਾਂ ਲਈ ਮਾਰਗ ਦਰਸ਼ਨ ਦਾ ਕੰਮ ਕਰੇਗਾ।ਜਿੰਦਗੀ ਦੇ ਹਰ ਪੜਾਅ ਤੇ ਮਨੁੱਖ ਨੂੰ ਵਧੀਆ ਜਿੰਦਗੀ ਜਿਉਣ ਦਾ ਹੱਕ ਹੈ ਨਾ ਕਿ ਦਬ-ਘੁੱਟ ਕੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋਣਾ। ਗੱਲ ਬਾਤ ਦੌਰਾਨ ਪਰਮਜੀਤ ਨੇ ਦੱਸਿਆ ਕਿ ਉਸ ਨੇ ਆਪਣੇ ਪੁੱਤਰਾਂ ਅਤੇ ਪਰਿਵਾਰ ਲਈ ਤਨਦੇਹੀ ਨਾਲ ਫਰਜ਼ ਨਿਭਾਇਆ। ਆਪਣੇ ਦੋਹਾਂ ਪੁੱਤਰਾਂ ਦੀ ਕਨੇਡਾ ਵਿੱਚ ਘਰ ਲੈਣ ਸਮੇਂ ਪੂਰੀ ਮੱਦਦ ਕੀਤੀ ਜੋ ਘਰਾਂ ਦੀ ਉਸ ਸਮੇਂ ਦੀ ਕੀਮਤ ਦੇ 50% ਤੋਂ ਵੱਧ ਸੀ।ਇਹ ਸਹਾਇਤਾਂ ਕਰਨ ਸਮੇਂ ਉਸ ਨੇ ਕੋਈ ਜੱਦੀ ਜਾਇਦਾਦ ਨਹੀਂ ਵੇਚੀ। ਇਹ ਉਸਦੀ ਅਤੇ ਉਸਦੀ ਪਤਨੀ ਦੀ ਸਾਰੀ ਉਮਰ ਦੀ ਕਮਾਈ ਸੀ। ਉਸ ਨੇ ਅੱਗੇ ਦੱਸਿਆ ਕਿ ਕਿਸੇ ਨੂੰ ਵੀ ਤੁਹਾਡੀ ਨਿਜੀ ਜਿੰਦਗੀ ਸਬੰਧੀ ਫੈਸਲਾ ਲੈਣ ਦਾ ਹੱਕ ਨਹੀਂ ਹੈ ਜੇ ਕਿਸੇ ਨੂੰ ਇਤਰਾਜ ਹੈ ਤਾਂ ਉਹ ਬੈਠ ਕੇ ਦਲੀਲ ਸਹਿਤ ਵਿਚਾਰ ਕਰ ਸਕਦੇ ਹਨ। ਪਰ ਅੰਤਮ ਫੈਸਲਾ ਸਬੰਧਤ ਵਿਅਕਤੀ ਦਾ ਹੀ ਹੁੰਦਾ ਹੈ। ਪੁੱਤਰ ਮੋਹ ਵਿੱਚ ਮੈਂ ਉਹਨਾਂ ਘਰਾਂ ਵਿੱਚ ਆਪਣਾ ਹਿਸਾ ਵੀ ਨਾ ਰੱਖਿਆ। ਇਹ ਪੁੱਛੇ ਜਾਣ ਤੇ ਕਿ ਤੁਸੀਂ ਹੋਰਨਾਂ ਨੂੰ ਕੀ ਸੰਦੇਸ਼ ਦੇਣਾ ਚਾਹੋਗੇ ਤਾਂ ਪਰਮਜੀਤ ਦਾ ਜਵਾਬ ਸੀ ਕਿ ਪਹਿਲੀ ਗੱਲ ਤਾਂ ਜੇ ਤੁਸੀਂ ਘਰ ਲਈ ਪੈਸੇ ਖਰਚਦੇ ਹੋ ਤਾਂ ਆਪਣਾ ਹਿਸਾ ਜਰੂਰ ਰੱਖੋ ਕਿਉਂਕਿ ਅੱਜ ਦੇ ਯੁਗ ਵਿੱਚ ਤੁਹਾਡੀ ਮਾਲਕੀ ਹੀ ਉਸ ਘਰ ਵਿੱਚ ਰਹਿਣ ਦਾ ਹੱਕ ਤੁਹਾਨੂੰ ਦਿੰਦੀ ਹੈ। ਉਸ ਨੇ ਅੱਗੇ ਕਿਹਾ ਕਿ ਮੈਂ ਵਿਗਿਆਨਕ ਸੋਚ ਦਾ ਧਾਰਨੀ ਹੋਣ ਕਰ ਕੇ ਵਿਗਿਆਨਕ ਨਜਰੀਏ ਤੋਂ ਜੀਵਨ ਜਿਉਣ ਦੀ ਕੋਸ਼ਿਸ਼ ਕੀਤੀ ਹੈ। ਕਿਸੇ ਨੂੰ ਵੀ ਆਪਣੇ ਆਪ ਨੂੰ ਮਾਨਸਿਕ ਦਬਾਅ ਵਿੱਚ ਰੱਖਣ ਦੀ ਲੋੜ ਨਹੀਂ। ਆਪਣਾ ਭਵਿੱਖ ਸੋਚ ਸਮਝ ਕੇ ਤਹਿ ਕਰ ਕੇ ਜੀਓ।

ਇਹ ਸੰਖੇਪ ਜਿਹੀ ਪਾਰਟੀ ਵਿੱਚ ਸ਼ਾਮਲ ਲੋਕਾਂ ਮੁਤਾਬਕ ਉਹਨਾਂ ਨੂੰ ਇਹ ਯਕੀਨ ਭਰੀ ਉਮੀਦ ਹੈ ਕਿ ਪਰਮਜੀਤ ਅਤੇ ਉਹਨਾਂ ਦੀ ਸਾਥਣ ਆਪਣੇ ਜੀਵਨ ਦੇ ਭਵਿੱਖੀ ਸਫਰ ਨੂੰ ਖੁਸ਼ਗਵਾਰ ਰੱਖਣਗੇ ਤੇ ਇਸ ਲਈ ਆਏ ਮਹਿਮਾਨਾਂ ਵਲੋਂ ਉਹਨਾਂ ਨੂੰ ਸ਼ੁਭ ਇਛਾਂਵਾਂ ਭੇਟ ਕੀਤੀਅ ਗਈਆਂ।

## ਮੱਧ ਪ੍ਰਦੇਸ਼ ’ਚ ਪ੍ਰਸ਼ਾਸਨ ਵੱਲੋਂ ਉਜਾੜੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਨੇ ਦਿੱਤੀ ਸਹਾਇਤਾ ਰਾਸ਼ੀ

ਅੰਮ੍ਰਿਤਸਰ, 29 ਜਨਵਰੀ (ਗਿਆਨ ਸਿੰਘ): ਮੱਧ ਪ੍ਰਦੇਸ਼ ਅੰਦਰ ਪ੍ਰਸ਼ਾਸਨ ਵੱਲੋਂ ਘਰ ਢਾਹ ਕੇ ਉਜਾੜੇ ਗਏ ਸਿੱਖਾਂ ਦੀ ਮੱਦਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 50-50 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ ਹਨ। ਭਾਈ ਲੌਂਗੋਵਾਲ ਵੱਲੋਂ ਐਲਾਨ ਕੀਤੀ ਸਹਾਇਤਾ ਰਾਸ਼ੀ ਦੇ ਇਹ ਚੈੱਕ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰ-ਚਰਨ ਸਿੰਘ ਗਰੇਵਾਲ ਨੇ ਮੱਧ ਪ੍ਰਦੇਸ਼ ਵਿਖੇ ਜਾ ਕੇ ਸਬੰਧਤਾਂ ਨੂੰ ਸੌਂਪੇ। ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਤੇਜਿੰਦਰ ਸਿੰਘ ਪੱਡਾ ਵੀ ਮੌਜੂਦ ਸਨ। ਦੱਸਣਯੋਗ ਹੈ ਕਿ ਮੱਧ ਪ੍ਰਦੇਸ਼ ’ਚ ਜ਼ਿਲ੍ਹਾ ਸ਼ਿਓਪੁਰ ਦੇ ਕਰਹਲ ਇਲਾਕੇ ਅੰਦਰ ਸਥਾਨਕ ਪ੍ਰਸ਼ਾਸਨ ਵੱਲੋਂ ਸਿੱਖਾਂ ਨੂੰ ਬੇ-ਘਰ ਕਰਨ ’ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਤਿੰਨ ਮੈਂਬਰੀ ਵਫ਼ਦ ਪੀੜ੍ਹਤਾਂ ਦੀ ਮੱਦਦ ਲਈ ਭੇਜਿਆ ਸੀ। ਇਸ ਵਫ਼ਦ ਵੱਲੋਂ ਮੱਧ ਪ੍ਰਦੇਸ਼ ਵਿਖੇ ਜਾ ਕੇ ਜਿਥੇ ਪੀੜਤ ਸਿੱਖਾਂ ਨਾਲ ਗੱਲਬਾਤ ਕੀਤੀ ਗਈ, ਉਥੇ ਹੀ ਹਰ ਸੰਭਵ ਮੱਦਦ ਦਾ ਭਰੋਸਾ ਵੀ ਦਿੱਤਾ ਗਿਆ ਸੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਵੱਲੋਂ ਪੀੜਤਾਂ ਲਈ 50-50 ਹਜ਼ਾਰ ਦੀ ਸਹਾਇਤਾ ਐਲਾਨ ਕੀਤੀ ਗਈ, ਜਿਸ ਦੇ ਚੈੱਕ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਸਬੰਧਤਾਂ ਨੂੰ ਸੌਂਪੇ ਗਏ ਹਨ।



50-50 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਦਿੰਦੇ ਹੋਏ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਤੇਜਿੰਦਰ ਸਿੰਘ ਪੱਡਾ।

ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰ-ਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਕਰਹਲ ਇਲਾਕੇ ਅੰਦਰ ਚਿਰਾਂ ਤੋਂ ਵੱਸਦੇ ਸਿੱਖਾਂ ਨੂੰ ਉਜਾੜਨ ਕਾਰਨ ਅਜੇ ਵੀ ਉਨ੍ਹਾਂ ਅੰਦਰ ਭਾਰੀ ਰੋਸ ਦੀ ਭਾਵਨਾ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਸਿੱਖ ਸ਼੍ਰੋਮਣੀ ਕਮੇਟੀ ਵੱਲੋਂ ਲਈ ਗਈ ਸਾਰ ’ਤੇ ਧੰਨਵਾਦ ਕਰ ਰਹੇ ਹਨ, ਉਥੇ ਹੀ ਸਰਕਾਰ ਪ੍ਰਤੀ ਉਨ੍ਹਾਂ ਅੰਦਰ ਭਾਰੀ ਗੁੱਸਾ ਹੈ। ਭਾਈ ਗਰੇਵਾਲ ਨੇ ਦੱਸਿਆ ਕਿ ਜਿਨ੍ਹਾਂ ਪੀੜਤ 12 ਸਿੱਖ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ ਹਨ, ਉਨ੍ਹਾਂ ਵਿਚ ਗੁਰਮੀਤ ਸਿੰਘ, ਰਮਨਦੀਪ ਸਿੰਘ, ਸੰਤੋਖ ਸਿੰਘ, ਗੁਲਜ਼ਾਰ ਸਿੰਘ, ਸੁਰਿੰਦਰ ਸਿੰਘ, ਸੋਮਨ ਸਿੰਘ, ਸ਼ਿਵਕੁਮਾਰ ਸਿੰਘ, ਵੀਰ ਸਿੰਘ, ਨਿਰਭੈ ਸਿੰਘ, ਸੁਖਚੈਨ ਸਿੰਘ, ਤਰਵਿੰਦਰ ਸਿੰਘ, ਸ. ਹੰਸਰਾਜ ਸਿੰਘ ਸ਼ਾਮਲ ਹਨ।

ਭਾਈ ਗਰੇਵਾਲ ਅਨੁਸਾਰ ਪੀੜਤ ਸਿੱਖਾਂ ਨੂੰ ਚੈੱਕ ਦੇਣ ਸਮੇਂ ਬਾਬਾ ਘੋਲਾ ਸਿੰਘ ਕਾਰਸੇਵਾ ਸਰਹਾਲੀ ਵਾਲੇ, ਸੁਰਿੰਦਰ ਸਿੰਘ ਬਿੱਟੂ, ਕੇਸਰ ਸਿੰਘ, ਬਿੱਕਰ ਸਿੰਘ, ਨਰਿੰਦਰ ਸਿੰਘ ਬਾਂਸਖੇੜੀ, ਮਹਿੰਦਰ ਸਿੰਘ, ਸ. ਕੁਲਵਿੰਤ ਸਿੰਘ ਬਾਜਵਾ ਆਦਿ ਮੌਜੂਦ ਸਨ।

## ਹੁਸ਼ਿਆਰਪੁਰ ਵਿਖੇ ਸਰਕਾਰੀ ਮੈਡੀਕਲ ਕਾਲਜ ਦੀ ਸਥਾਪਨਾ ਨੂੰ ਮਨਜ਼ੂਰੀ

ਚੰਡੀਗੜ੍ਹ, 29 ਜਨਵਰੀ (ਗਿਆਨ ਸਿੰਘ): ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ ਅਤੇ ਯਤਨਾਂ ਨੂੰ ਹੁੰਗਾਰਾ ਦਿੰਦਿਆਂ ਕੇਂਦਰ ਸਰਕਾਰ ਨੇ ਹੁਸ਼ਿਆਰਪੁਰ ਵਿਖੇ ਨਵਾਂ ਸਰਕਾਰੀ ਮੈਡੀਕਲ ਕਾਲਜ ਸਥਾਪਤ ਕਰਨ ਤੋਂ ਇਲਾਵਾ ਮੌਜੂਦਾ ਸਥਾਨਕ ਸਿਵਲ ਹਸਪਤਾਲ ਨੂੰ ਅਪਗ੍ਰੇਡ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕੇਂਦਰੀ ਸਿਹਤ ਮੰਤਰਾਲੇ ਨੇ ਇਸ ਬਾਰੇ ਸੂਬਾ ਸਰਕਾਰ ਨੂੰ ਬੀਤੀ ਸ਼ਾਮ ਸੂਚਿਤ ਕੀਤਾ। ਮੌਜੂਦਾ ਜ਼ਿਲ੍ਹਾ/ਰੈਫਰਲ ਹਸਪਤਾਲਾਂ ਨਾਲ ਸਬੰਧਤ ਨਵੇਂ ਮੈਡੀਕਲ ਕਾਲਜ ਦੀ ਸਥਾਪਨਾ ਲਈ ਕੇਂਦਰੀ ਸਪਾਂਸਰ ਸਕੀਮ ਤਹਿਤ ਇਸ ਕਾਲਜ ਦੀ ਸਥਾਪਨਾ ਕੀਤੀ ਜਾ ਰਹੀ ਹੈ।

ਕੇਂਦਰ ਸਰਕਾਰ ਪਾਸੋਂ ਪ੍ਰਾਪਤ ਪੱਤਰ ਮੁਤਾਬਕ ਨਵਾਂ ਸਰਕਾਰੀ ਮੈਡੀਕਲ ਕਾਲਜ 325 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤਾ ਜਾਵੇਗਾ ਜਿਸ ਵਿੱਚੋਂ 60 ਫੀਸਦੀ ਹਿੱਸੇਦਾਰੀ ਵਜੋਂ 195 ਕਰੋੜ ਰੁਪਏ ਕੇਂਦਰ ਸਰਕਾਰ ਵੱਲੋਂ ਦਿੱਤੇ ਜਾਣੇ ਹਨ ਜਦਕਿ ਬਾਕੀ 40 ਫੀਸਦੀ ਹਿੱਸੇਦਾਰੀ ਵਜੋਂ 130 ਕਰੋੜ ਰੁਪਏ ਦਾ ਯੋਗਦਾਨ ਪੰਜਾਬ ਸਰਕਾਰ ਵੱਲੋਂ ਪਾਇਆ ਜਾਵੇਗਾ।

ਕੰਢੀ ਖੇਤਰ ਵਿੱਚ ਬਣਨ ਵਾਲੇ ਆਪਣੀ ਕਿਸਮ ਦੇ ਪਹਿਲੇ ਸਰਕਾਰੀ ਮੈਡੀਕਲ ਕਾਲਜ ਵਿੱਚ ਐਮ.ਬੀ.ਬੀ.ਐਸ. ਦੀਆਂ 100 ਸੀਟਾਂ ਹੋਣਗੀਆਂ ਅਤੇ ਇਹ ਸਿਹਤ ਸੰਸਥਾ ਖੇਤਰ ਵਿੱਚ ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਤੇ ਜਾਂਚ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਇਲਾਵਾ ਮੈਡੀਕਲ ਸਿੱਖਿਆ ਤੇ ਖੋਜ ਨੂੰ ਉਤਸ਼ਾਹਿਤ ਕਰੇਗੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਕੇਂਦਰ ਸਰਕਾਰ ਨੇ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਨੂੰ ਅਪਗ੍ਰੇਡ ਕਰਨ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦੇ ਦਿੱਤੀ ਜਿਸ ਨਾਲ ਹਸਪਤਾਲ ਦੀ ਮੌਜੂਦਾ ਸਮੇਂ 200 ਬਿਸਤਰਿਆਂ ਦੀ ਸਮਰਥਾ ਵਧ ਕੇ 500 ਬਿਸਤਰਿਆਂ ਦੀ ਹੋ ਜਾਵੇਗੀ ਅਤੇ ਇਸ ਤੋਂ ਇਲਾਵਾ ਹਸਪਤਾਲ ਵਿੱਚ ਬੁਨਿਆਦੀ ਢਾਂਚੇ ਦੀਆਂ ਆਧੁਨਿਕ ਮੈਡੀਕਲ ਸਹੂਲਤਾਂ ਵੀ ਮੁਹੱਈਆ ਹੋਣਗੀਆਂ।

ਦੱਸਣਯੋਗ ਹੈ ਕਿ ਸੂਬੇ ਵਿੱਚ ਅੰਮ੍ਰਿਤਸਰ, ਫਰੀਦਕੋਟ ਅਤੇ ਪਟਿਆਲਾ ਵਿੱਚ ਪਹਿਲਾਂ ਹੀ ਤਿੰਨ ਸਰਕਾਰੀ ਮੈਡੀਕਲ ਕਾਲਜ ਚੱਲ ਰਹੇ ਹਨ। ਦੋ ਹੋਰ ਸਰਕਾਰੀ ਮੈਡੀਕਲ ਕਾਲਜ ਐਸ.ਏ.ਐਸ. ਨਗਰ (ਮੋਹਾਲੀ) ਅਤੇ ਕਪੂਰਥਲਾ ਵਿਖੇ ਸਥਾਪਤ ਕੀਤੇ ਜਾ ਰਹੇ ਹਨ ਜਦਕਿ ਛੇਵੇਂ ਮੈਡੀਕਲ ਕਾਲਜ ਦੀ ਸਥਾਪਨਾ ਹੁਸ਼ਿਆਰਪੁਰ ਵਿਖੇ ਕਰਨ ਦੀ ਪ੍ਰਵਾਨਗੀ ਮਿਲ ਗਈ ਹੈ।


ਬਰਾੜ ਗਰਾਜ ਡੋਰ





ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •


## ਪਾਰਦਰਸ਼ੀ ਢੰਗ ਨਾਲ ਮੁਹੱਈਆ ਕਰਵਾਈਆਂ ਜਾਣ ਸੇਵਾਵਾਂ : ਦੀਪਤੀ ਉੱਪਲ

ਕਪੂਰਥਲਾ, 29 ਜਨਵਰੀ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਦੀਪਤੀ ਉੱਪਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗਾਂ ਦੌਰਾਨ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੇਵਾ ਅਧਿਕਾਰ ਕਾਨੂੰਨ ਤਹਿਤ ਦਿੱਤੀਆਂ ਜਾ ਰਹੀਆਂ ਸੇਵਾਵਾਂ ਲੋਕਾਂ ਨੂੰ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਕਿਸੇ ਨੂੰ ਵੀ ਖੱਜਲ-ਖੁਆਰ ਨਾ ਹੋਣਾ ਪਵੇ। ਮਾਲ ਵਿਭਾਗ ਦੇ ਕੰਮਕਾਜ਼ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਫੁੱਟਕਲ ਬਕਾਇਆਂ ਦੀ ਵਸੂਲੀ ਦੇ ਕੰਮ ਵਿਚ ਤੇਜ਼ੀ ਲਿਆਉਣ ਅਤੇ ਬਕਾਇਆ ਪਏ ਕੇਸਾਂ ਦਾ ਜਲਦ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਤਕਸੀਮ ਦੇ ਅਦਾਲਤੀ ਕੇਸਾਂ, ਜ਼ਮੀਨ ਦੇ ਖਾਨਗੀ ਵੰਡ ਦੇ ਕੇਸਾਂ, ਝਗੜੇ ਤੋਂ ਰਹਿਤ ਅਤੇ ਝਗੜੇ ਵਾਲੇ ਇੰਤਕਾਲਾਂ, ਜ਼ਮੀਨੀ ਰਿਕਾਰਡ ਦੇ



ਜਮ੍ਹਾਂਬੰਦੀ ਅਤੇ ਵਸੀਕਾ ਦੇ ਨਿਪਟਾਰੇ ਸਬੰਧੀ ਅਫ਼ਸਰ ਵਾਰ ਜਾਣਕਾਰੀ ਲਈ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸੇ ਤਰ੍ਹਾਂ ਉਨ੍ਹਾਂ ਤਹਿਸੀਲ ਵਾਰ ਵਸੂਲੀ ਦੇ ਕੰਮ ਦਾ ਜਾਇਜ਼ਾ ਵੀ ਲਿਆ।

ਇਸ ਦੌਰਾਨ ਉਨ੍ਹਾਂ ਸੇਵਾ ਕੇਂਦਰਾਂ ਦੇ ਕੰਮਕਾਜ਼ ਦੀ ਸਮੀਖਿਆ ਕਰਦਿਆਂ ਉਨ੍ਹਾਂ ਨੂੰ ਆਪਣਾ ਰਿਕਾਰਡ ਪੂਰੀ ਤਰ੍ਹਾਂ ਨਾਲ ਮੇਨਟੇਨ ਰੱਖਣ ਦੀ ਹਦਾਇਤ ਕੀਤੀ। ਇਸੇ ਤਰ੍ਹਾਂ ਉਨ੍ਹਾਂ ਕੰਪਿਊਟਰੀਕਰਨ, ਕਰਜ਼ ਰਾਹਤ ਯੋਜਨਾ ਅਤੇ ਆਰਥਿਕ ਜਨਗਣਨਾ ਦੇ ਕੰਮ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਵੱਖ-ਵੱਖ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਜ਼ਿਲ੍ਹਾ ਮਾਲ ਅਫ਼ਸਰ ਪਰਮਜੀਤ ਸਿੰਘ ਸਹੋਤਾ, ਸਹਾਇਕ ਕਮਿਸ਼ਨਰ ਡਾ. ਸ਼ਿਖਾ ਭਗਤ, ਐਸ. ਡੀ. ਐਮ ਵਰਿੰਦਰ ਪਾਲ ਸਿੰਘ ਬਾਜਵਾ, ਡਾ. ਚਾਰੂਮਿਤਾ, ਗੁਰਵਿੰਦਰ ਸਿੰਘ ਜੌਹਲ ਤੇ ਰਣਦੀਪ ਸਿੰਘ ਹੀਰ, ਤਹਿਸੀਲਦਾਰ ਮਨਬੀਰ ਸਿੰਘ ਢਿੱਲੋਂ, ਸੀਮਾ ਸਿੰਘ, ਨਵਦੀਪ ਸਿੰਘ ਤੇ ਰਾਕੇਸ਼ ਕੁਮਾਰ, ਜ਼ਿਲ੍ਹਾ ਉੱਪ ਅਰਥ ਤੇ ਅੰਕੜਾ ਸਲਾਹਕਾਰ ਮੈਡਮ ਰਾਣੀ, ਜ਼ਿਲ੍ਹਾ ਇਨਫਾਰਮੈਟਿਕ ਅਫ਼ਸਰ ਸੰਜੀਵ ਗਾਬਾ, ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਮੱਸਾ ਸਿੰਘ ਸਿੱਧੂ, ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਸ. ਗੁਰਭਜਨ ਸਿੰਘ ਲਾਸਾਨੀ, ਖੇਤੀਬਾੜੀ ਅਫ਼ਸਰ ਅਸ਼ਵਨੀ ਕੁਮਾਰ, ਗਗਨਦੀਪ ਕੌਰ ਤੋਂ ਇਲਾਵਾ ਸਮੂਹ ਨਾਇਬ ਤਹਿਸੀਲਦਾਰ, ਬੀ. ਡੀ. ਪੀ. ਓਜ਼ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਸਿੱਖ ਮਾਨਸਿਕਤਾ ਲਈ ਸੇਵਾਵਾਂ ਦੀ ਲੋੜ!

ਟੋਰਾਂਟੋ ਦੇ ਨੌਰਥ ਯੌਰਕ ਏਰੀਆ ਵਿੱਚ ਕੈਨੇਡਾ ਦਾ ਪਹਿਲਾ ਮੁਸਲਿਮ ਮਾਨਸਿਕ ਸਿਹਤ ਕੇਂਦਰ ਪਿਛਲੇ ਇੱਕ ਸਾਲ ਤੋਂ ਕੰਮ ਕਰ ਰਿਹਾ ਹੈ। ਇੱਥੇ ਮੁਸਲਮਾਨ ਭਾਈਚਾਰੇ ਦੀਆਂ ਵਿਸ਼ੇਸ਼ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਕਾਉਂਸਲਿੰਗ ਅਤੇ ਮਾਨਸਿਕ ਥੈਰਪੀ ਦੀਆਂ ਸੇਵਾਵਾਂ ਕੈਨੇਡੀਅਨ ਪ੍ਰੋਫੈਸ਼ਨਲ ਸਟੈਂਡਰਡਾਂ ਮੁਤਾਬਕ ਰੈਗੁਲੇਟਡ ਕਾਉਂਸਲਰਾਂ ਵੱਲੋਂ ਸਦੀਆਂ ਪੁਰਾਣੀਆਂ ਇਸਲਾਮਿਕ ਅਧਿਆਤਮਕ ਰਿਵਾਇਤਾਂ ਮੁਤਾਬਕ ਦਿੱਤੀਆਂ ਜਾਂਦੀਆਂ ਹਨ। ਜ਼ਕਾਤ ਫਾਉਂਡੇਸ਼ਨ ਵੱਲੋਂ ਅਮਰੀਕਾ ਵਿੱਚ ਕਈ ਸੈਂਟਰਾਂ ਦੀ ਸਫ਼ਲਤਾ ਤੋਂ ਬਾਅਦ ਟੋਰਾਂਟੋ ਨੂੰ ਕੇਂਦਰ ਚੁਣਿਆ ਗਿਆ ਜਿੱਥੇ ਇੱਕ ਅੰਦਾਜ਼ੇ ਮੁਤਾਬਕ 5 ਲੱਖ ਮੁਸਲਮਾਨ ਵੱਸਦੇ ਹਨ। ਖਲੀਲ ਸੈਂਟਰ ਦੇ ਆਪਣੇ ਅੰਕੜਿਆਂ ਮੁਤਾਬਕ ਉਹਨਾਂ ਕੋਲ ਆਉਣ ਵਾਲੇ 77% ਮੁਸਲਮਾਨ ਉਹ ਸਨ ਜਿਹਨਾਂ ਨੇ ਪਹਿਲਾਂ ਕਿਸੇ ਹੋਰ ਥਾਂ ਤੋਂ ਮਾਨਸਿਕ ਸੇਵਾ ਹਾਸਲ ਨਹੀਂ ਸੀ ਕੀਤੀ। ਖਲੀਲ ਸੈਂਟਰ ਦਾ ਮੰਨਣਾ ਹੈ ਕਿ ਧਾਰਮਿਕ ਅਤੇ ਅਧਿਆਤਮਕ ਸੰਦਰਭ ਨੂੰ ਸਾਹਮਣੇ ਰੱਖ ਕੇ ਮਾਨਸਿਕ ਸੇਵਾ ਵਰਗੇ ਸੰਵੇਦਨਸ਼ੀਲ ਮਸਲੇ ਨੂੰ ਵਧੇਰੇ ਅਸਰਦਾਰ ਤਰੀਕੇ ਸਿੱਝਿਆ ਜਾ ਸਕਦਾ ਹੈ।

ਖਲੀਲ ਸੈਂਟਰ ਮੁਤਾਬਕ ਮੁੱਖਧਾਰਾ ਵੱਲੋਂ ਵਰਤਿਆ ਜਾਂਦਾ ਧਰਮ-ਨਿਰਪੱਖ ਮਨੋਵਿਗਿਆਨ ਚਿਰ ਸਥਾਈ ਨਹੀਂ ਹੁੰਦਾ ਜਦੋਂ ਕਿ ਖੋਜ ਦੱਸਦੀ ਹੈ ਕਿ ਧਾਰਮਿਕ ਅਤੇ ਅਧਿਆਤਮਕ ਬੁਨਿਆਦ ਵਾਲੀ ਕਾਉਂਸਲਿੰਗ ਦਾ ਚਿਰ-ਸਥਾਈ ਅਸਰ ਹੁੰਦਾ ਹੈ। ਇਸ ਕੇਂਦਰ ਵਿੱਚ ਕਾਇਮ ਕੀਤੇ ਗਏ ਇੱਕ ਵਿਭਾਗ ਦਾ ਸਿਰਫ਼ ਇੱਕੋ ਕੰਮ ਹੈ ਕਿ ਉਹ ਪੁਰਾਤਨ ਇਸਲਾਮਿਕ ਲਿਟਰੇਚਰ ਅਤੇ ਹੋਰ ਸ੍ਰੋਤਾਂ ਵਿੱਚੋਂ ਮਨ ਅਤੇ ਦਿਮਾਗ ਉੱਤੇ ਲਾਗੂ ਹੋਣ ਵਾਲੇ ਨੁਕਤੇ ਲੱਭ ਕੇ ਉਹਨਾਂ ਨੂੰ ਆਧੁਨਿਕ ਯੁੱਗ ਵਿੱਚ ਲਾਗੂ ਹੋਣ ਦੀਆਂ ਘਾੜਤਾਂ ਕੱਢਦਾ ਹੈ। ਇਹ ਕੇਂਦਰ ਇਸ ਤੱਥ ਨੂੰ ਵੀ ਸਾਹਮਣੇ ਲਿਆਉਂਦਾ ਹੈ ਕਿ ਹੋਰ ਭਾਈਚਾਰਿਆਂ ਵਾਗੂੰ ਮੁਸਲਮਾਨ ਮਾਨਸਿਕ ਸਿਹਤ ਮਸਲਿਆਂ ਤੋਂ ਅਣਭਿੱਜ ਨਹੀਂ ਹਨ। ਕੈਨੇਡਾ ਵਿੱਚ ਹਰ ਪੰਜਵੇਂ ਵਿਅਕਤੀ ਨੂੰ ਮਾਨਸਿਕ ਸਿਹਤ ਦੇ ਮਸਲੇ ਦਰਪੇਸ਼ ਹਨ।

ਵੇਖਿਆ ਜਾਵੇ ਤਾਂ ਮਾਨਸਿਕ ਸਿਹਤ ਮਸਲਿਆਂ ਤੋਂ ਮੁਸਲਮਾਨ ਤਾਂ ਕੀ, ਕਿਸੇ ਵੀ ਧਰਮ ਦਾ ਵਿਅਕਤੀ ਅਣਛੋਹਿਆ ਨਹੀਂ ਹੈ। ਆਧੁਨਿਕ ਜੀਵਨ ਜਾਚ ਨਾਲ ਮੇਲ ਮਿਲਾਉਣ ਦੀ ਕੋਸ਼ਿਸ਼ ਕਰਦਾ ਇਨਸਾਨ ਕਈ ਵਾਰ ਜਿੰਦਗੀ ਦੀਆਂ ਖੂਬਸੂਰਤ ਖੁਸ਼ੀਆਂ ਤੋਂ ਵਾਂਝਾ ਹੋ ਕੇ ਗਲਤ ਰਸਤੇ ਚੱਲ ਨਿਕਲਦਾ ਹੈ। ਜੇ ਪੀਲ ਰੀਜਨ ਅਤੇ ਕੈਨੇਡਾ ਦੇ ਸਿੱਖ ਪ੍ਰਭਾਵ ਵਾਲੇ ਹੋਰ ਇਲਾਕਿਆਂ ਵਿੱਚ ਸਿੱਖ ਭਾਈਚਾਰੇ ਵਿੱਚ ਹੋ ਰਹੀਆਂ ਘਰੇਲੂ ਹਿੰਸਾ, ਬੇਰੁਜ਼ਗਾਰੀ, ਯੂਥ ਵਿੱਚ ਹਿੰਸਾ ਅਤੇ ਡਰੱਗਾਂ ਦੀ ਮਾਰ, ਔਰਤਾਂ ਦੇ ਕਤਲਾਂ ਦੀ ਦਰ ਅਤੇ ਪਰਿਵਾਰਾਂ ਦੇ ਟੁੱਟਣ ਦੀਆਂ ਘਟਨਾਵਾਂ ਨੂੰ ਵਾਚਿਆ ਜਾਵੇ ਤਾਂ ਇਹਨਾਂ ਦੀ ਜੜ ਵਿੱਚ ਮਨ-ਦੇ ਖੰਡਤ ਹੋਣ ਦੀ ਕਹਾਣੀ ਲੱਭੀ ਜਾ ਸਕਦੀ ਹੈ। ਕੈਨੇਡਾ ਵਿੱਚ ਸਿੱਖਾਂ ਦੀ ਗਿਣਤੀ ਤਕਰੀਬਨ 6 ਲੱਖ ਦੇ ਕਰੀਬ ਹੈ ਅਤੇ ਕਮਿਉਨਿਟੀ ਵਿੱਚ ਮਾਨਸਿਕ ਸਿਹਤ ਦੇ ਮਸਲੇ ਦਿਨ-ਬ-ਦਿਨ ਗੁੰਝਲਦਾਰ ਬਣਦੇ ਜਾ ਰਹੇ ਹਨ। ਕੀ ਇਹ ਸਹੀ ਸਮਾਂ ਨਹੀਂ ਕਿ ਸਿੱਖ ਕਮਿਉਨਿਟੀ ਵੱਲੋਂ ਵੀ ਸਿੱਖ ਧਰਮ ਦੇ ਸੁਨਹਿਰੀ ਸਿਧਾਂਤਾਂ ਦਾ ਲਾਭ ਲੈ ਕੇ ਮਨੁੱਖੀ ਮਨ ਨੂੰ ਜੜੋਂ ਹਿਲਾਉਣ ਵਾਲੇ ਮੁੱਦਿਆਂ ਦਾ ਹੱਲ ਲੱਭਣ ਲਈ ਯਤਨ ਕੀਤੇ ਜਾਣ।

ਬਰੈਂਪਟਨ ਵਿੱਚ ਪੰਜਾਬੀ ਕਮਿਉਨਿਟੀ ਹੈਲਥ ਸਰਵਿਸਜ਼ ਵੱਲੋਂ ਚੰਗੀਆਂ ਸੇਵਾਵਾਂ ਦੇਣ ਦਾ ਮਾਡਲ ਮੌਜੂਦ ਹੈ ਜਿੱਥੇ ਸੇਵਾਵਾਂ ਦਾ ਮੂਲ ਸਰੂਪ ਪੰਜਾਬੀ ਪਰੀਪੇਖ ਵਿੱਚ ਪੰਜਾਬੀ ਬੋਲਣ ਵਾਲੇ ਕਾਉਂਸਲਰਾਂ ਦੁਆਰਾ ਸੇਵਾਵਾਂ ਪੇਸ਼ ਕਰਨਾ ਹੈ। ਇਹਨਾਂ ਸੇਵਾਵਾਂ ਦੀ ਮਹੱਤਤਾ ਨੂੰ ਘੱਟ ਕਰਕੇ ਨਹੀਂ ਵੇਖਿਆ ਜਾ ਸਕਦਾ ਪਰ ਤੇਜੀ ਨਾਲ ਬਦਲ ਰਹੇ ਹਾਲਾਤਾਂ ਵਿੱਚ ਸਿੱਖ ਭਾਈਚਾਰੇ ਨੂੰ ਇੱਕ ਅਧਿਆਤਮਕ ਮਾਨਸਿਕ ਕੇਂਦਰ ਦੇ ਮਾਡਲ ਨੂੰ ਪਰਖਣ ਦੀ ਲੋੜ ਹੈ।

ਯੂਨੀਵਰਸਿਟੀ ਆਫ ਟੋਰਾਂਟੋ ਵਿੱਚ ਗੁਰਫਤਿਹ ਸਿੰਘ ਵੱਲੋਂ ਯੋਗੀ ਭਜਨ ਸਿੰਘ ਦੀਆਂ ਲੀਹਾਂ ਉੱਤੇ ਕੁੰਡਲਿਨੀ ਯੋਗਾ ਰਾਹੀਂ ਅਧਿਆਤਮਕ ਕਾਉਂਸਲਿੰਗ ਦਿੱਤੀ ਜਾਂਦੀ ਹੈ ਪਰ ਸਿੱਖ ਧਰਮ ਵਿੱਚ ਕੁੰਡਲਿਨੀ ਯੋਗਾ ਦੇ ਸਥਾਨ ਬਾਰੇ ਚਰਚਾ ਇੱਕ ਵੱਖਰਾ ਵਿਸ਼ਾ ਹੈ। ਯੋਗੀ ਭਜਨ ਸਿੰਘ ਨੇ ਵਿਸ਼ਵ ਭਰ ਵਿੱਚ ਸਿੱਖ ਸਿਧਾਂਤਾਂ ਨੂੰ ਅਪਣਾ ਕੇ ਕੁੰਡਲਿਨੀ ਯੋਗ ਮਾਰਗ ਨੂੰ ਪ੍ਰਚਲਿੱਤ ਕੀਤਾ। ਵੈਸੇ ਵੀ ਕੁੰਡਲਿਨੀ ਯੋਗ ਇੱਕ ਪੁਰਾਤਨ ਸਿਧਾਂਤ ਹੈ ਜਿਸਦੀ ਸਾਰਥਕਤਾ ਬਾਰੇ ਕਈ ਪ੍ਰੰਪਰਾਵਾਂ ਵਿੱਚ ਪ੍ਰਮਾਣਿਕ ਸਬੂਤ ਮਿਲਦੇ ਹਨ। ਇੱਕ ਪੁਸਤਕ 'ਪ੍ਰਾਣ ਸੰਗਲੀ' ਹੈ ਜਿਸ ਬਾਰੇ ਜ਼ਿਕਰ ਮਿਲਦਾ ਹੈ ਕਿ ਇਹ ਸ੍ਰੀ ਗੁਰੁ ਨਾਨਕ ਦੇਵ ਜੀ ਵੱਲੋਂ ਸ੍ਰੀਲੰਕਾ ਸਫ਼ਰ ਦੌਰਾਨ ਉੱਤੇ ਦੇ ਰਾਜੇ ਨੂੰ ਦਿੱਤੇ ਪ੍ਰਵਚਨਾਂ ਉੱਤੇ ਆਧਾਰਿਤ ਹੈ। ਇਸ ਪੁਸਤਕ ਵਿੱਚ ਵੀ ਯੋਗ ਅਤੇ ਹੋਰ ਸਾਧਨਾਵਾਂ ਦਾ ਜ਼ਿਕਰ ਹੈ। ਅਸੀਂ ਇਹਨਾਂ ਵਿਧੀਆਂ ਦਾ ਹਵਾਲੇ ਮਾਤਰ ਜ਼ਿਕਰ ਕਰ ਰਹੇ ਹਾਂ ਕਿਉਂਕਿ ਇਹ ਕੰਮ ਮਾਹਰਾਂ ਦਾ ਹੈ ਕਿ ਉਹ ਸਿੱਖ ਸਿਧਾਂਤਾਂ ਨੂੰ ਘੋਖ ਕੇ ਮਾਨਸਿਕ ਸਮੱਸਿਆਵਾਂ ਹੰਢਾ ਰਹੀ ਮਨੁੱਖਤਾ ਲਈ ਨੁਕਤੇ ਕੱਢਣ। ਅਜਿਹੇ ਨੁਕਤੇ ਜਿਹਨਾਂ ਨੂੰ ਰਜਿਸਟਰਡ ਸੋਸ਼ਲ ਵਰਕਰ ਵਰਤ ਕੇ ਸਿੱਖ ਪਰੀਪੇਖ ਤੋਂ ਹੱਲ ਪੇਸ਼ ਕਰਨ।

## ਵੁਹਾਨ ਤੋਂ ਕੈਨੇਡੀਅਨਾਂ ਨੂੰ ਦੇਸ਼ ਲਿਆਉਣ ਲਈ ਕੈਨੇਡਾ ਤਿਆਰ ਕਰ ਰਿਹਾ ਹੈ ਖਾਸ ਜਹਾਜ਼

...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਸਰਕਾਰ ਕੈਨੇਡੀਅਨਾਂ ਨੂੰ ਚੀਨ ਦੇ ਗੈਰ ਜ਼ਰੂਰੀ ਸਫਰ ਉੱਤੇ ਨਾ ਜਾਣ ਦੀ ਸਲਾਹ ਦੇ ਰਹੀ ਹੈ। ਤੇਜ਼ੀ ਨਾਲ ਫੈਲ ਰਹੇ ਕੋਰੋਨਾਵਾਇਰਸ ਕਾਰਨ ਕੈਨੇਡਾ ਨੇ ਚੀਨ ਵਿੱਚ ਆਪਣੀ ਡਿਪਲੋਮੈਟਿਕ ਮੌਜੂਦਗੀ ਵੀ ਘਟਾ ਦਿੱਤੀ ਹੈ। ਸ਼ੈਂਪੇਨ ਨੇ ਆਖਿਆ ਕਿ ਅਗਲਾ ਕਦਮ ਉਨ੍ਹਾਂ 160 ਕੈਨੇਡੀਅਨਾਂ ਨੂੰ ਵਾਪਿਸ ਲਿਆਉਣ ਲਈ ਚੀਨ ਤੋਂ ਸਹਿਯੋਗ ਦੀ ਮੰਗ ਕਰਨਾ ਹੈ, ਜਿਨ੍ਹਾਂ ਨੇ ਮਦਦ ਦੀ ਅਪੀਲ ਕੀਤੀ ਹੈ। ਪਾਰਲੀਆਮੈਂਟ ਹਿੱਲ ਉੱਤੇ ਗੱਲ ਕਰਦਿਆਂ ਸ਼ੈਂਪੇਨ ਨੇ ਆਖਿਆ ਕਿ ਉਨ੍ਹਾਂ ਵਿੱਚੋਂ ਵੀ ਸਾਰੇ ਚੀਨ ਨਹੀਂ ਛੱਡਣਾ ਚਾਹੁੰਦੇ।

ਜ਼ਿਕਰਯੋਗ ਹੈ ਕਿ ਚੀਨ ਨੇ ਇਸ ਕੋਰੋਨਾਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਆਪਣੇ ਕੇਂਦਰੀ ਪ੍ਰੋਵਿੰਸਿਜ਼, ਜਿੱਥੇ ਕੋਰੋਨਾਵਾਇਰਸ ਪਹਿਲੀ ਵਾਰੀ ਪਾਇਆ ਗਿਆ ਸੀ, ਨੂੰ ਵੀ ਸੀਲ ਕਰ ਦਿੱਤਾ ਹੈ।

...ਬਾਕੀ ਪੰਨਾ 6 'ਤੇਇਹ ਵਾਇਰਸ ਜ਼ੁਕਾਮ ਵਾਂਗ ਰੈਸਪੀਰੇਟਰੀ ਲੱਛਣ ਵਿਖਾਉਂਦਾ ਹੈ ਪਰ ਇਹ ਕਈ ਮਾਮਲਿਆਂ ਵਿੱਚ ਘਾਤਕ ਵੀ ਹੋ ਸਕਦਾ ਹੈ। ਇਸ ਮੌਕੇ ਸ਼ੈਂਪੇਨ ਦੇ ਨਾਲ ਖੜ੍ਹੀ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਸਰਕਾਰ ਨੂੰ ਅਜੇ ਵੀ ਇਹ ਫੈਸਲਾ ਕਰਨਾ ਹੈ ਕਿ ਉਨ੍ਹਾਂ ਕੈਨੇਡੀਅਨਾਂ ਨਾਲ ਕੀ ਹੋਵੇਗਾ ਜਿਹੜੇ ਚੀਨ ਛੱਡਣਗੇ, ਤਾਂ ਕਿ ਇਹ ਵਾਇਰਸ ਅੱਗੇ ਨਾ ਫੈਲ ਸਕੇ।

ਇਹ ਪੁੱਛੇ ਜਾਣ ਉੱਤੇ ਕਿ ਚੀਨ ਤੋਂ ਪਰਤੇ ਕੈਨੇਡੀਅਨਾਂ ਨੂੰ ਅਲੱਗ ਥਲੱਗ ਰੱਖਿਆ ਜਾਵੇਗਾ ਤਾਂ ਹਾਜ਼ਦੂ ਨੇ ਆਖਿਆ ਕਿ ਅਸੀਂ ਹਮੇਸ਼ਾਂ ਕੈਨੇਡੀਅਨਾਂ ਦੀ ਸਿਹਤ ਸਹੀ ਰੱਖਣ ਲਈ ਕੰਮ ਕੀਤਾ ਹੈ ਫਿਰ ਭਾਵੇਂ ਉਹ ਵਿਦੇਸ਼ ਵਿੱਚ ਹੋਣ ਜਾਂ ਦੇਸ਼ ਵਿੱਚ ਹੋਣ। ਉਨ੍ਹਾਂ ਆਖਿਆ ਕਿ ਅਸੀਂ ਉਨ੍ਹਾਂ ਕੈਨੇਡੀਅਨਾਂ ਨੂੰ ਅਜਿਹੀ ਥਾਂ ਰੱਖਾਂਗੇ ਜਿੱਥੇ ਉਨ੍ਹਾਂ ਦੀ ਹਿਫਾਜ਼ਤ ਲਈ ਸੱਭ ਇੰਤਜ਼ਾਮ ਹੋਣ ਤੇ ਵਾਇਰਸ ਅੱਗੇ ਨਾ ਫੈਲ ਸਕੇ। ਜ਼ਿਕਰਯੋਗ ਹੈ ਕਿ ਇਸ ਵਾਇਰਸ ਕਾਰਨ ਹੁਣ ਤੱਕ 132 ਲੋਕ ਮਾਰੇ ਜਾ ਚੁੱਕੇ ਹਨ ਤੇ 6000 ਤੋਂ ਵੀ ਵੱਧ ਲੋਕ ਪ੍ਰਭਾਵਿਤ ਹੋ ਚੁੱਕੇ ਹਨ।

## ਹਫਤੇ ਵਿੱਚ ਦੋ ਦਿਨ ਹੜਤਾਲ ਕਰਨ ਦੀ ਤਿਆਰੀ ਕਰ ਰਹੇ ਹਨ ਐਲੀਮੈਂਟਰੀ ਅਧਿਆਪਕ

...ਪੰਨਾ 1 ਦਾ ਬਾਕੀ

ਇੱਥੋਂ ਦੇ ਚਾਈਲਡਹੁੱਡ ਐਜੂਕੇਟਰਜ਼, ਜਿਹੜੇ ਪੂਰਾ ਦਿਨ ਕਿੰਡਰਗਾਰਟਨ ਕਲਾਸਾਂ ਵਿੱਚ ਕੰਮ ਕਰਦੇ ਹਨ ਤੇ ਜਿਨ੍ਹਾਂ ਦੀ ਅਗਵਾਈ ਈਟੀਐਫਓ ਕਰਦੀ ਹੈ, ਵੀ ਹੜਤਾਲ ਉੱਤੇ ਰਹਿਣਗੇ। ਪਹਿਲਾਂ ਇੱਕ ਦਿਨ ਦੀ ਹੜਤਾਲ ਦੌਰਾਨ ਬੋਰਡ ਵੱਲੋਂ ਕਿੰਡਰਗਾਰਟਨ ਕਲਾਸਾਂ ਚੱਲਦੀਆਂ ਰੱਖੀਆਂ ਜਾਣਗੀਆਂ। ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇਕ ਬਿਆਨ ਜਾਰੀ ਕਰਕੇ ਆਖਿਆ ਕਿ ਟੀਚਰ ਯੂਨੀਅਨ ਦੇ ਆਗੂ ਪ੍ਰੋਵਿੰਸ ਭਰ ਵਿੱਚ ਪੂਰਾ ਇੱਕ ਦਿਨ ਸੇਵਾਵਾਂ ਨਾ ਦੇ ਕੇ ਇੱਕ ਵਾਰੀ ਫਿਰ ਮਾਪਿਆਂ ਨਾਲ ਕੀਤੇ ਗਏ ਵਾਅਦੇ ਨੂੰ ਤੋੜ ਰਹੇ ਹਨ। ਇਸ ਤਰ੍ਹਾਂ ਯੂਨੀਅਨ ਵੱਲੋਂ ਕੀਤੀਆਂ ਜਾ ਰਹੀਆਂ ਹੜਤਾਲਾਂ ਕਾਰਨ ਮਾਪਿਆਂ ਨੂੰ ਖੜ੍ਹੇ ਪੈਰ ਚਾਈਲਡ ਕੇਅਰ ਲੱਭਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਫਰੈਂਚ ਲੈਂਗੁਏਜ ਬੋਰਡਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨਾਲ ਗੱਲਬਾਤ ਵਾਸਤੇ ਇਸ ਹਫਤੇ ਦੋ ਦਿਨ ਤੈਅ ਕੀਤੇ ਹਨ ਪਰ ਤਿੰਨ ਹੋਰਨਾਂ ਯੂਨੀਅਨਾਂ ਲਈ ਅਜਿਹੀਆਂ ਕੋਈ ਤਰੀਕਾਂ ਤੈਅ ਨਹੀਂ ਕੀਤੀਆਂ ਗਈਆਂ। ਈਟੀਐਫਓ ਦੇ ਪ੍ਰਧਾਨ ਸੈਮ ਹੈਮੰਡ ਨੇ ਇੱਕ ਲਿਖਤੀ ਬਿਆਨ ਵਿੱਚ ਆਖਿਆ ਕਿ ਇਸ ਤਰ੍ਹਾਂ ਅਰਥਭਰਪੂਰ ਤੇ ਜਾਇਜ਼ ਗੱਲਬਾਤ ਨੂੰ ਟਾਲਣ ਨਾਲ ਲਿਚੇ ਨੂੰ ਕੁਝ ਵੀ ਹਾਸਲ ਨਹੀਂ ਹੋਣ ਵਾਲਾ, ਹਾਂ ਇਸ ਨਾਲ ਫੋਰਡ ਸਰਕਾਰ ਦੀ ਸਾਖ ਹੋਰ ਖਰਾਬ ਜ਼ਰੂਰ ਹੋ ਸਕਦੀ ਹੈ।

## ਲਾੜੇ ਦੀ ਮਾਂ ਦੇ ਪਿੱਛੇ ਲੱਗਾ ਬੱਚਾ 1.5 ਲੱਖ ਨਾਲ ਭਰਿਆ ਪਰਸ ਲੈ ਕੇ ਖਿਸਕਿਆ

ਲੁਧਿਆਣਾ, 29 ਜਨਵਰੀ (ਪੋਸਟ ਬਿਊਰੋ)- ਸਾਹਨੇਵਾਲ ਦੇ ਇੱਕ ਰਿਜ਼ਾਰਟ ਵਿੱਚ ਵਿਆਹ ਦੌਰਾਨ ਲਾੜੇ ਦੀ ਮਾਂ ਦਾ ਪਰਸ ਚੋਰੀ ਹੋ ਗਿਆ, ਜਿਸ ਵਿੱਚ ਡੇਢ ਲੱਖ ਰੁਪਏ ਸਨ। ਪੁਲਸ ਨੇ ਜਦ ਸੀ ਸੀ ਟੀ ਵੀ ਫੁਟੇਜ਼ ਦੇਖੀ ਤਾਂ 10 ਸਾਲ ਦਾ ਬੱਚਾ ਚੋਰੀ ਕਰਦਾ ਦਿੱਸਿਆ। ਪੁਲਸ ਨੇ ਪਰਵਾਰ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ।

ਇਸ ਸੰਬੰਧ ਵਿੱਚ ਲਾੜੇ ਨਵਦੀਪ ਸਿੰਘ ਨੇ ਦੱਸਿਆ ਕਿ 20 ਜਨਵਰੀ ਨੂੰ ਉਸ ਦਾ ਵਿਆਹ ਸੀ ਅਤੇ ਉਸ ਦੀ ਮਾਂ ਜਤਿੰਦਰ ਕੌਰ ਨੇ ਵਿਆਹ ਵਿੱਚ ਖਰਚ ਲਈ ਆਪਣੇ ਪਰਸ ਵਿੱਚ ਨੱਬੇ ਹਜ਼ਾਰ ਦੀ ਨਕਦੀ ਅਤੇ ਪੰਜਾਹ ਤੋਂ ਸੱਠ ਹਜ਼ਾਰ ਰੁਪਏ ਦੇ ਸ਼ਗਨ ਦੇ ਲਿਫਾਫੇ ਰੱਖੇ ਸਨ। ਉਨ੍ਹਾ ਦੱਸਿਆ ਕਿ ਆਨੰਦ ਕਾਰਜ ਦੇ ਬਾਅਦ ਜਦ ਸਾਰੇ ਖਾਣਾ ਖਾਣ ਲੱਗੇ ਤਾਂ ਮੈਂ ਨੇ ਪਰਸ ਸਾਈਡ 'ਤੇ ਰੱਖ ਦਿੱਤਾ। ਪੰਜ ਮਿੰਟ ਬਾਅਦ ਉਨ੍ਹਾਂ ਦੇਖਿਆ ਤਾਂ ਪਰਸ ਉਥੇ ਨਹੀਂ ਸੀ। ਪੁਲਸ ਨੇ ਰਿਜ਼ਾਰਟ ਵਿੱਚ ਲੱਗੇ ਸੀ ਸੀ ਟੀ ਵੀ ਚੈਕ ਕੀਤੇ ਤਾਂ ਦੇਖਿਆ ਕਿ 10 ਸਾਲ ਦਾ ਬੱਚਾ ਜਤਿੰਦਰ ਕੌਰ ਨੂੰ ਫਾਲੋ ਕਰ ਰਿਹਾ ਸੀ ਅਤੇ ਪਰਸ ਰੱਖਣ ਪਿੱਛੋਂ ਜਦੋਂ ਉਸ ਨੂੰ ਮੌਕਾ ਮਿਲਿਆ ਤਾਂ ਪਰਸ ਚੋਰੀ ਕਰ ਲਿਆ। ਉਨ੍ਹਾਂ ਦੱਸਿਆ ਕਿ ਉਸ ਬੱਚੇ ਨੂੰ ਪਿੱਛਿਓਂ ਕੋਈ ਹੋਰ ਆਪਰੇਟ ਕਰ ਰਿਹਾ ਸੀ, ਇਹੀ ਕਾਰਨ ਸੀ ਕਿ ਉਹ ਬੱਚਾ ਵਾਰ-ਵਾਰ ਪਿੱਛੇ ਮੁੜ-ਮੁੜ ਕੇ ਦੇਖ ਰਿਹਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਨੀਤੀਸ਼ ਕੁਮਾਰ ਨੇ ਪਵਨ ਵਰਮਾ ਤੇ ਪ੍ਰਸ਼ਾਂਤ ਕਿਸ਼ੋਰ ਨੂੰ ਪਾਰਟੀ ਤੋਂ ਕੱਢਿਆ

ਨਵੀਂ ਦਿੱਲੀ, 29 ਜਨਵਰੀ, (ਪੋਸਟ ਬਿਊਰੋ)- ਬਿਹਾਰ ਦੇ ਮੁੱਖ ਮੰਤਰੀ ਤੇ ਜਨਤਾ ਦਲ ਯੂਨਾਈਟਿਡ ਦੇ ਪ੍ਰਧਾਨ ਨਿਤੀਸ਼ ਕੁਮਾਰ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਵਨ ਕੁਮਾਰ ਅਤੇ ਪ੍ਰਸ਼ਾਤ ਕਿਸ਼ੋਰ ਉੱਤੇ ਕਾਰਵਾਈ ਕੀਤੀ ਅਤੇ ਦੋਵਾਂ ਨੇਤਾਵਾਂ ਨੂੰ ਆਪਣੀ ਪਾਰਟੀ ਤੋਂ ਬਾਹਰ ਕਰ ਦਿੱਤਾ ਹੈ। ਇਨ੍ਹਾਂ ਦੋਵਾਂ ਨੇਤਾਵਾਂ ਨੇ ਨਾਗਰਿਕਤਾ ਸੋਧ ਕਾਨੂੰਨ ਦੇ ਸੰਬੰਧ ਵਿੱਚ ਨੀਤੀਸ਼ ਕੁਮਾਰ ਉੱਤੇ ਮੌਕਾਪ੍ਰਸਤੀ ਕਰਨ ਦਾ ਦੋਸ਼ ਲਾਇਆ ਸੀ।

ਵਰਨਣ ਯੋਗ ਹੈ ਕਿ ਨਿਤੀਸ਼ ਕੁਮਾਰ ਨੇ ਕਈ ਵਾਰ ਇਨ੍ਹਾਂ ਦੋਵੇਂ ਨੇਤਾਵਾਂ ਨੂੰ ਪਾਰਟੀ ਪਲੇਟਫਾਰਮ ਉੱਤੇ ਆਪਣੀ ਗੱਲ ਕਹਿਣ ਦੀ ਨਸੀਹਤ ਦਿੱਤੀ ਸੀ, ਪਰ ਉਨ੍ਹਾਂ ਨੇ ਇਸ ਨੂੰ ਨਜ਼ਰ ਅੰਦਾਜ਼ ਕਰ ਕੇ ਲਗਾਤਾਰ ਟਿੱਪਣੀਆਂ ਕੀਤੀਆਂ ਸਨ। ਪਿਛਲੇ ਦਿਨੀਂ ਬਿਹਾਰ ਵਿੱਚ ਸਰਕਾਰ ਚਲਾ ਰਹੇ ਜਨਤਾ ਦਲ ਯੂਨਾਈਟਿਡ ਦੇ ਰਾਜ ਸਭਾ ਮੈਂਬਰ ਪਵਨ ਵਰਮਾ ਦੇ ਦਿੱਲੀ ਵਿਧਾਨ ਸਭਾ ਚੋਣਾਂ ਬਾਰੇ ਭਾਜਪਾ ਨਾਲ ਗਠਜੋੜ ਕਰਨ ਦੇ ਫੈਸਲੇ ਉੱਤੇ ਜਨਤਕ ਤੌਰ ਉੱਤੇ ਨਿਤੀਸ਼ ਕੁਮਾਰ ਕੋਲੋਂ ਜਵਾਬ ਮੰਗਿਆ ਸੀ। ਉਨ੍ਹਾਂ ਦੀ ਇਸ ਟਿਪਣੀ ਬਾਰੇ ਪਾਰਟੀ ਪ੍ਰਧਾਨ ਨੀਤੀਸ਼ ਕੁਮਾਰ ਨੇ ਸਖਤ ਰੁਖ ਦਿਖਾਇਆ ਤੇ ਪਵਨ ਵਰਮਾ ਦੀ ਚਿੱਠੀ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ ਅਜਿਹੇ ਜਨਤਕ ਬਿਆਨ ਹੈਰਾਨੀ ਜਨਕ ਹਨ। ਉਨ੍ਹਾਂ ਨੇ ਕਿਹਾ ਸੀ ਕਿ ਜੇ ਪਵਨ ਵਰਮਾ ਜਨਤਾ ਦਲ (ਯੂ) ਛੱਡਣਾ ਚਾਹੁੰਦੇ ਹਨ ਤੇ ਕਿਸੇ ਦੂਜੀ ਪਾਰਟੀ ਵਿੱਚ ਜਾਣਾ ਚਾਹੁੰਦੇ ਹਨ ਤਾਂ ਉਹ ਜਾ ਸਕਦੇ ਹਨ। ਇਸ ਦੇ ਬਾਅਦ ਇਹ ਪਾਟਕ ਵਧਦਾ ਗਿਆ ਸੀ। ਇਸ ਦੌਰਾਨ ਪੱਛਮੀ ਬੰਗਾਲ ਦੇ ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਜੋਰ ਉੱਤੇ ਹੈ ਕਿ ਨਿਤੀਸ਼ ਕੁਮਾਰ ਦੇ ਨਾਲ ਸਾਂਝ ਟੁੱਟਣ ਮਗਰੋਂ ਚੋਣਾਂ ਲੜਨ ਦੇ ਮਾਹਰ ਪ੍ਰਸ਼ਾਂਤ ਕਿਸ਼ੋਰ ਅਗਲੀ ਵਾਰੀ ਤ੍ਰਿਣਮੂਲ ਕਾਂਗਰਸ ਨਾਲ ਖੜੇ ਹੋ ਸਕਦੇ ਹਨ। ਪ੍ਰਸ਼ਾਂਤ ਕਿਸ਼ੋਰ ਨੂੰ ਅੱਜ ਬੁੱਧਵਾਰ ਨਿਤੀਸ਼ ਕੁਮਾਰ ਨੇ ਪਾਰਟੀ ਤੋਂ ਕੱਢ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਦੇ ਚੋਟੀ ਦੇ ਨੇਤਾਵਾਂ ਨੇ ਅੱਜੇ ਕਿਸੇ ਗੱਲ ਦੀ ਪੁਸ਼ਟੀ ਨਹੀਂ ਕੀਤੀ, ਪਰ ਭਵਿੱਖ ਵਿੱਚ ਅਜਿਹੀ ਕਿਸੇ ਗੱਲ ਨੂੰ ਰੱਦ ਨਹੀਂ ਕੀਤਾ ਗਿਆ। ਤ੍ਰਿਣਮੂਲ ਕਾਂਗਰਸ ਲਈ ਚੋਣ ਮਾਹਰ ਦੀ ਭੂਮਿਕਾ ਨਿਭਾ ਰਹੇ ਕਿਸ਼ੋਰ ਵੀ ਇਸ ਬਾਰੇ ਚੁੱਪ ਹਨ।

# What is a coronavirus?



By: Surjit Singh Flora

The lethal coronavirus in China has killed at least 132 people so far, all of them in China. Close to 6,000 others have been contaminated by more than a dozen other countries. 5 tested in the United States, three in Canada and around the world ought to be close to 100,000.

The World Health Organization has declared an emergency in China, although it has now not yet announced an international public health emergency.

It typically takes more than one week to strengthen medicinal drug for the new virus, by that the human beings with a sound immune machine get better, but this may also be fatal for people with a susceptible immune system.

Therefore, you will see that the majority of people in these 13 chines cities will get well except an awful lot of medication. However, china being china. We may probably in no way know what is happening in those 13 cities.


Further, there is some serious trouble in China's water cycle due to the fact hen flu, swine flu, and now coronavirus all three began from china, consequent upon human water interactions.

Simple way understanding coronaviruses, it is a new flu-like virus, and like any flu, there will be no cure. People with good health will recover faster, and a tiny share of terrible health sufferers may also similarly lose their lives to any flu.

New coronaviruses acknowledged as 2019-nCoV, Scientists trying to recognize the negative potential of this. Investigators and Researchers are simply establishing to determine the place it originated, how it is transmitted, and how widely it has spread. Chinese authorities also verified that the virus is human-to-human transmission.

Authorities are taking steps to guard against the unfold of 2019-nCoV. WHO committee decided it was nevertheless too early to declare a public health emergency on an international level. Also, Hong Kong declared a citywide emergency, and China clamps down on the journey for some of its citizens heading abroad, which include suspending tour corporations and quickly halting the sale of flight and lodge packages.

What is a coronavirus?



Coronaviruses belong to a household known as Coronaviridae, and under an electron microscope, they appear like spiked rings. They're named for these spikes, which structure a halo spherical their viral envelope.

Coronaviruses incorporate a strand of RNA in their envelope and can't reproduce except getting interior residing cells and hijacking their system. The spikes on the viral envelope assist them in binding to cells, which gives them room to way in. It's like destroy the door open with C4. Once inside, they flip the cells into a virus factory, the use of its molecular conveyor chain to produce other viruses, which are then spread out. The virus progeny infects extraordinary cells, and the cycle begins anew.

Typically, these sorts of viruses are observed in animals ranging from farm animals to household pets to wildlife, such as bats. When they make the soar to humans, they can reason fever, respiratory illness, and inflammation in the lungs.

Extremely pathogenic coronaviruses had been at the back of SARS and MERS and had been besides problems transmitted from human to human. SARS, which validated up in the early 2000s, contaminated higher than 8,000 human beings and resulted in almost 800 deaths. In the early 2010s, infected nearly 2,500 rational people and 850 deaths.

Where did the virus come from?

The coronavirus seems to have originated in the Huanan Seafood Wholesale Market in Wuhan, a Chinese metropolis about 650 miles south of Beijing that has a population of more than eleven million people. The market sells fish, as correctly as a panoply of meat from other animals, consisting of bats and snakes. The Wuhan market was once shut down at the beginning of the year.

The China Markets has been implicated in the origin and unfold of viral ailments in previous epidemics, and a vast majority of the humans so approaches examined to have come down with this coronavirus, had been to the Huanan Seafood market in modern-day weeks. The market appears like a vital piece of the puzzle, but researchers will desire to habits a fluctuate of experiments and tests to verify the virus' origin.

On Wednesday, a file in the Journal of Medical Virology through a group of Chinese researchers recommended snakes had been the most maybe natural world animal reservoir for 2019-nCoV. The work examined the genetic code of the virus and compared it with that of two sorts of snakes, the many-banded krait and the Chinese cobra. The lookup hooked up that the snakes' genetic code displayed a high level of similarity with the virus.

Shortly after, two preprint research refuted these claims, suggesting 2019-nCoV probably originated in bats.



















# ਬੜਾ ਅਹਿਮ ਹੈ 8 ਫ਼ਰਵਰੀ ਦਾ ਦਿਨ ਦਿੱਲੀ-ਵਾਸੀਆਂ ਲਈ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375

ਦਿੱਲੀ ਦੇ ਅਧੂਰੇ ਰਾਜ ਦੀ ਅਧੂਰੀ ਵਿਧਾਨ ਸਭਾ ਦੀ ਮੁੜ ਚੋਣ 8 ਫ਼ਰਵਰੀ ਨੂੰ ਹੋ ਰਹੀ ਹੈ ਅਤੇ ਇਸ ਦੇ ਨਤੀਜੇ 11 ਫ਼ਰਵਰੀ ਨੂੰ ਲੋਕਾਂ ਦੇ ਸਾਹਮਣੇ ਆਉਣਗੇ। ਹੁਣ 11 ਫ਼ਰਵਰੀ ਨੂੰ ਕਿਹੜੀ ਪਾਰਟੀ ਇਸ ਚੋਣ ਵਿਚ ਅੱਗੇ ਆਏਗੀ, ਇਸ ਦੇ ਬਾਰੇ ਇਸ ਸਮੇਂ ਅਜੇ ਨਿਸਚੇ ਨਾਲ ਕੁਝ ਕਹਿਣਾ ਬੇਸ਼ਕ ਕਠਨ ਲੱਗਦਾ ਹੈ, ਪਰ ਇਸ ਦੇ ਬਾਰੇ ਕਿਆਸ-ਅਰਾਈਆਂ ਤਾਂ ਲਗਾਈਆਂ ਹੀ ਜਾ ਸਕਦੀਆਂ ਹਨ ਅਤੇ ਉਹ ਇਲੈੱਕਟ੍ਰਾਨਿਕ ਅਤੇ ਪਰਿੰਟ ਮੀਡੀਏ ਵਿਚ ਖ਼ੂਬ ਲੱਗ ਰਹੀਆਂ ਹਨ। ਚਲੋ! ਅੱਜ ਆਪਾਂ ਵੀ ਇਸ ਵਿਚ ਆਪਣਾ ਥੋੜ੍ਹਾ-ਬਹੁਤ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦੇ ਹਾਂ।

ਦਿੱਲੀ ਵਿਧਾਨ ਸਭਾ ਦੀ ਚੋਣ ਲਈ ਇਸ ਵੇਲੇ 'ਤਿੰਨ-ਧਿਰੀ ਮੁਕਾਬਲਾ' ਚੱਲ ਰਿਹਾ ਹੈ ਅਤੇ ਹਰੇਕ ਧਿਰ ਇਸ ਵਿਚ ਅੱਗੇ ਆਉਣ ਅਤੇ ਅਗਲੇ ਪੰਜ ਸਾਲਾਂ ਲਈ ਆਪਣੀ ਸਰਕਾਰ ਬਨਾਉਣ ਦਾ ਦਾਅਵਾ ਕਰ ਰਹੀ ਹੈ। ਜਿੱਥੇ ਦਿੱਲੀ ਦਾ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੀ ਆਮ ਆਦਮੀ ਪਾਰਟੀ ('ਆਪ') ਦੀ ਪਿਛਲੇ ਪੰਜ ਸਾਲਾਂ ਦੀ ਵਧੀਆ ਕਾਰਗੁਜ਼ਾਰੀ ਦੇ ਬਲ-ਬੂਤੇ ਮੁੜ ਸਰਕਾਰ ਬਨਾਉਣ ਲਈ ਪੂਰਾ ਆਸਵੰਦ ਹੈ, ਉੱਥੇ ਭਾਰਤੀ ਜਨਤਾ ਪਾਰਟੀ ਕੇਂਦਰ ਸਰਕਾਰ ਵਿਚ ਆਪਣਾ 'ਦਬ-ਦਬਾ' ਹੋਣ ਕਰਕੇ ਅਤੇ ਦਿੱਲੀ ਸ਼ਹਿਰ ਦੀ ਮਿਉਂਨਿਸਿਪਲ ਕਾਰਪੋਰੇਸ਼ਨ ਦੀ ਵਾਗਡੋਰ ਆਪਣੇ ਹੱਥਾਂ ਹੋਣ ਕਾਰਨ ਇਸ ਵਾਰ ਦਿੱਲੀ ਵਿਧਾਨ ਸਭਾ ਉੱਪਰ ਵੀ ਕਬਜ਼ਾ ਜਮਾਉਣ ਦੀ ਤਿਆਰੀ ਵਿਚ ਹੈ ਅਤੇ ਕਾਂਗਰਸ ਪਾਰਟੀ ਵੀ ਆਪਣੀ ਸਾਬਕਾ ਮੁੱਖ-ਮੰਤਰੀ ਮਰਹੂਮ ਸ਼ੀਲਾ ਦਿਕਸ਼ਤ ਦੀ ਅਗਵਾਈ ਹੇਠ ਆਮ ਪਾਰਟੀ ਦੀ ਪਿਛਲੇ ਪੰਜ ਸਾਲ ਤੋਂ ਪਹਿਲਾਂ ਤਿੰਨ ਵਾਰ ਬਣੀ ਸਰਕਾਰ ਵੱਲੋਂ ਕਰਵਾਏ ਗਏ ਕੰਮਾਂ ਨੂੰ ਲੋਕਾਂ ਨੂੰ ਯਾਦ ਕਰਵਾ ਕੇ ਉਨ੍ਹਾਂ ਕੋਲੋਂ ਵੋਟਾਂ ਮੰਗਣ ਦੀ ਕੋਸ਼ਿਸ਼ ਕਰ ਰਹੀ ਹੈ। 'ਵੋਟਰ-ਪਾਤਸ਼ਾਹ' ਆਪਣੀ 'ਖ਼ੈਰ' ਕਿਸ ਕਿਸ ਦੀ ਝੋਲੀ ਪਾਉਂਦਾ ਹੈ, ਇਸ ਦਾ ਪੂਰਾ ਪਤਾ ਤਾਂ 11 ਫ਼ਰਵਰੀ ਨੂੰ ਹੀ ਲੱਗੇਗਾ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, 'ਆਪ' ਆਪਣੀ ਪਿਛਲੇ ਪੰਜ ਸਾਲਾਂ ਦੀ ਕਥਿਤ 'ਵਧੀਆ ਕਾਰਗੁਜ਼ਾਰੀ' ਨੂੰ ਆਧਾਰ ਬਣਾ ਕੇ ਆਪਣੀ ਸਰਕਾਰ ਮੁੜ ਬਨਾਉਣ ਲਈ ਲੋਕਾਂ ਕੋਲੋਂ ਵੋਟਾਂ ਦੀ ਮੰਗ ਕਰ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦਿੱਲੀ ਵਿਚ ਪਿਛਲੇ ਪੰਜ ਸਾਲਾਂ ਵਿਚ ਸਰਕਾਰੀ ਸਕੂਲਾਂ ਦਾ ਮੂੰਹ-ਮੁਹਾਂਦਰਾ ਲੋਕਾਂ ਵੱਲੋਂ ਕੀਤੀ ਜਾ ਰਹੀ 'ਤਾਰੀਫ਼' ਦੀ ਹੱਦ ਤੀਕ ਸੁਧਰਿਆ ਹੈ ਅਤੇ ਇਹ ਵੀ ਪਤਾ ਲੱਗਾ ਹੈ ਕਿ ਲੋਕ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਾ ਕੇ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾ ਰਹੇ ਹਨ। ਸਰਕਾਰ ਨੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਜਮਾਤ ਤੀਕ ਸਕੂਲਾਂ ਵਿਚ ਮੁਫ਼ਤ ਵਿੱਦਿਆ ਦੇਣ ਅਤੇ ਉਸ ਤੋਂ ਬਾਅਦ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਉਚੇਰੀ ਪੜ੍ਹਾਈ ਲਈ ਵਿਆਜ-ਰਹਿਤ ਕਰਜ਼ੇ ਬਿਨਾਂ ਕਿਸੇ ਵਿੱਤੀ-ਜ਼ਮਾਨਤ ਦੇਣ ਦਾ ਪ੍ਰੋਗਰਾਮ ਦਿੱਤਾ ਹੈ। ਇਸ ਦੇ ਨਾਲ ਹੀ ਉਸ ਨੇ ਹਸਪਤਾਲਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਕਰਕੇ, ਨਵੇਂ 'ਮੁਹੱਲਾ-ਕਲਿਨਿਕ' ਬਣਾ ਕੇ ਅਤੇ ਇਨ੍ਹਾਂ ਵਿਚ ਲੋੜੀਂਦੀਆਂ ਦਵਾਈਆਂ ਮੁਫ਼ਤ ਮੁਹੱਈਆ ਕਰਕੇ ਦਿੱਲੀ ਦੇ ਲੋਕਾਂ ਲਈ ਸਿਹਤ-ਸੇਵਾਵਾਂ ਵਿਚ ਵੱਡਾ ਸੁਧਾਰ ਕੀਤਾ ਹੈ। ਜੇਕਰ ਵੇਖਿਆ ਜਾਏ ਤਾਂ ਸਿਹਤ-ਸੇਵਾਵਾਂ ਅਤੇ ਵਿੱਦਿਆ ਆਮ ਮਨੁੱਖ ਦੀਆਂ ਮੁੱਢਲੀਆਂ ਅਤੀ ਜ਼ਰੂਰੀ ਲੋੜਾਂ ਹਨ ਅਤੇ ਇਨ੍ਹਾ ਦੋਹਾਂ ਵਿਚ ਅਤੀ-ਲੋੜੀਂਦਾ ਸੁਧਾਰ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੀ ਚੰਗੀ 'ਵਾਹ-ਵਾਹ' ਖੱਟੀ ਹੈ। ਇਨ੍ਹਾਂ ਤੋਂ ਇਲਾਵਾ ਪਬਲਿਕ ਟ੍ਰਾਂਸਪੋਰਟ ਵਿਚ ਸੁਧਾਰ, ਔਰਤਾਂ ਲਈ ਮੁਫ਼ਤ ਬੱਸ ਸਫ਼ਰ, ਲੋਕਾਂ ਦੀ ਸੁਰੱਖਿਆ ਲਈ ਸੀ.ਸੀ.ਟੀ.ਵੀ. ਕੈਮਰੇ, ਬੱਸਾਂ ਵਿਚ ਮਾਰਸ਼ਲ ਤਾਇਨਾਤ ਕਰਨਾ, 'ਕੱਚੀਆਂ ਕਲੋਨੀਆਂ' ਨੂੰ ਰੈਗੂਲਰ ਕਰਕੇ ਉਨ੍ਹਾਂ ਨੂੰ ਲੋੜੀਂਦੀਆਂ ਸਹੂਲਤਾਂ ਦੇਣਾ, ਆਦਿ ਕੀਤੇ ਗਏ ਕੰਮ ਉਸ ਦੀ ਲੋਕ-ਭਲਾਈ ਲਈ ਕੀਤੀ ਗਈ ਵਧੀਆ ਕਾਰ-ਗੁਜ਼ਾਰੀ ਉੱਪਰ ਆਪਣੀ ਮੋਹਰ ਲਾਉਂਦੇ ਹਨ। ਕੇਜਰੀਵਾਲ ਅਤੇ ਉਸ ਦੀ ਆਮ ਆਦਮੀ ਪਾਰਟੀ ਵੱਲੋਂ ਇਨ੍ਹਾਂ ਦਾ ਪ੍ਰਚਾਰ ਵੀ ਖ਼ੂਬ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਦਾ ਚੰਗਾ ਹੁੰਗਾਰਾ ਵੀ ਮਿਲਦਾ ਨਜ਼ਰ ਆਉਂਦਾ ਲੱਗ ਰਿਹਾ ਹੈ।



ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਸੀ.ਏ.ਏ., ਐੱਨ.ਆਰ.ਸੀ. ਅਤੇ ਐੱਨ.ਪੀ.ਆਰ. ਦਾ 'ਰਾਗ' ਅਲਾਪ ਕੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਦਿੱਲੀ ਵਿਚ ਵਿਧਾਨ ਸਭਾ ਬਣਨ 'ਤੇ ਕੇਵਲ ਇਕ ਵਾਰ ਹੀ ਪਹਿਲੀ ਚੋਣ ਜਿੱਤੀ ਸੀ ਅਤੇ ਇਹ ਪੰਜ ਵਾਰ ਇਹ ਚੋਣਾਂ ਹਾਰ ਚੁੱਕੀ ਹੈ। ਤਿੰਨ ਵਾਰ ਇਹ ਚੋਣਾਂ ਕਾਂਗਰਸ ਪਾਰਟੀ ਨੇ ਜਿੱਤੀਆਂ ਅਤੇ ਦੋ ਵਾਰ ਆਮ ਆਦਮੀ ਪਾਰਟੀ ਨੇ, (ਬੇਸ਼ਕ ਪਹਿਲੀ ਵਾਰ ਇਸ ਦੀ ਸਰਕਾਰ ਕੁਝ ਦਿਨ ਹੀ ਚੱਲੀ ਸੀ)। ਕੇਂਦਰ ਵਿਚ ਪੂਰਨ ਬਹੁ-ਮੱਤ ਨਾਲ ਮਜ਼ਬੂਤ ਇਸ ਪਾਰਟੀ ਦੀ ਦਿੱਲੀ ਵਿਚ ਇਹ ਹਾਲਤ ਹੈ ਕਿ ਇਹ ਰਾਜਧਾਨੀ ਦੇ ਨਗਰ ਨਿਗਮ ਚੋਣਾਂ ਵਿਚ 10 ਸਾਲ 'ਕਾਮਯਾਬ' ਰਹਿ ਕੇ ਵੀ ਕੋਈ ਖ਼ਾਸ ਮਾਅਰਕਾ ਨਹੀਂ ਮਾਰ ਸਕੀ। ਸਗੋਂ ਕਈ ਤਾਂ ਇਹ ਵੀ ਖ਼ਿਆਲ ਕਰਦੇ ਹਨ ਕਿ ਇਨ੍ਹਾਂ ਨਿਗਮਾਂ ਦਾ ਕੰਮ-ਕਾਜ ਇਸ ਪਾਰਟੀ ਦੇ 'ਗਲ਼ੇ ਦੀ ਹੱਡੀ' ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਤੀਸਰੀ ਮੁੱਖ ਰਾਜਸੀ ਪਾਰਟੀ ਕਾਂਗਰਸ ਇਹ ਦਾਅਵਾ ਕਰ ਰਹੀ ਹੈ ਕਿ ਦਿੱਲੀ ਦੀ ਅਜੋਕੀ ਸ਼ਕਲੋ-ਸੂਰਤ ਉਸ ਦੀ ਮਰਹੂਮ ਮੁੱਖ-ਮੰਤਰੀ ਸ਼ੀਲਾ ਦੀਕਸ਼ਤ ਦੀ ਬਦੌਲਤ ਹੈ ਜਿਸ ਨੇ ਆਪਣੇ 15 ਸਾਲ ਦੇ ਲਗਾਤਾਰ ਰਾਜਕਾਲ ਦੌਰਾਨ ਦਿੱਲੀ ਵਿਚ ਫ਼ਲਾਈਓਵਰਾਂ ਤੇ ਸੜਕਾਂ ਦਾ ਜਾਲ਼ ਵਿਛਾਇਆ ਅਤੇ ਰਾਜ ਦੇ ਲੋਕਾਂ ਲਈ ਮੈਟਰੋ-ਸੇਵਾ ਦੀ ਸ਼ੁਰੂਆਤ ਕੀਤੀ। ਇਸ ਤਰ੍ਹਾਂ ਜ਼ਾਹਿਰ ਹੈ ਕਿ ਕਾਂਗਰਸ ਦਾ ਮਾਡਲ ਦਿੱਲੀ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਬੇਹਤਰ ਬਨਾਉਣ ਅਤੇ ਆਵਾਜਾਈ ਦੇ ਸੁਧਾਰ ਵੱਲ ਝੁਕਿਆ ਹੋਇਆ ਹੈ ਜੋ ਬਹੁਤ ਵੱਡੇ ਪੱਧਰ 'ਤੇ ਭਾਰੀ ਪੂੰਜੀ-ਨਿਵੇਸ਼ ਦੀ ਮੰਗ ਕਰਦਾ ਹੈ, ਜਦ ਕਿ 'ਆਪ' ਦਾ ਮਾਡਲ ਸਮਾਜਿਕ ਖ਼ੇਤਰ ਵਿਚ ਪੂੰਜੀ ਨਿਵੇਸ਼ ਕਰਨ ਵਾਲਾ ਹੈ ਅਤੇ ਉਸ ਨੇ ਆਪਣੇ ਪਹਿਲੇ ਬੱਜਟ ਵਿਚ ਹੀ ਇਸ ਦਿਸ਼ਾ ਵਿਚ ਆਪਣਾ ਕੰਮ ਸ਼ੁਰੂ ਕਰ ਦਿੱਤਾ ਸੀ ਜਿਸ ਦੇ ਨਤੀਜੇ ਹੁਣ ਪੰਜ ਸਾਲ ਬਾਦ ਵੇਖਣ ਨੂੰ ਮਿਲ ਰਹੇ ਹਨ ਅਤੇ ਸ਼ਾਇਦ ਇਹ ਲੋਕਾਂ ਨੂੰ ਪ੍ਰਭਾਵਿਤ ਵੀ ਕਰਨਗੇ। ਇਹ ਚੋਣ ਦਿੱਲੀ ਦੇ ਵੋਟਰਾਂ ਲਈ ਅਤੀ ਅਹਿਮ ਹੈ ਕਿਉਂਕਿ ਇਸ ਵਿਚ ਉਨ੍ਹਾਂ ਨੇ ਇਹ ਤੈਅ ਕਰਨਾ ਹੈ ਕਿ ਉਹ ਵਿਕਾਸ ਦੇ ਕਿਸ ਮਾਡਲ ਨੂੰ ਪਸੰਦ ਕਰਦੇ ਹਨ। ਕੀ ਉਨ੍ਹਾਂ ਦੇ ਲਈ ਫਲਾਈ-ਓਵਰਾਂ, ਸੜਕਾਂ ਤੇ ਮੈਟਰੋ-ਸੇਵਾ ਅਹਿਮ ਹੈ ਜਾਂ ਉਹ 8 ਫਲਰਵਰੀ ਨੂੰ ਸਿਹਤ, ਸਿੱਖਿਆ, ਸੁਰੱਖਿਆ, ਬਿਜਲੀ-ਪਾਣੀ ਅਤੇ ਹੋਰ ਸਮਾਜਿਕ ਸਹੂਲਤਾਂ ਦੇ ਮਾਡਲ ਨੂੰ ਵਧੇਰੇ ਤਰਜੀਹ ਦੇਣਗੇ। ਇਨ੍ਹਾਂ ਦੋਹਾਂ ਮਾਡਲਾਂ ਵਿਚਕਾਰ ਮੁਕਾਬਲੇ ਦੇ ਨਤੀਜੇ ਇਨ੍ਹਾਂ ਚੋਣਾਂ ਵਿਚ ਕਾਫ਼ੀ ਅਹਿਮੀਅਤ ਰੱਖਣ ਵਾਲੇ ਸਾਬਤ ਹੋ ਸਕਦੇ ਹਨ। ਇੱਥੇ ਦਿੱਲੀ ਦੇ ਕੁਝ ਲੋਕਾਂ ਦੀ ਮੁੱਖ ਰਾਜਸੀ-ਪਾਰਟੀਆਂ ਦੇ ਨਾਲ ਪੱਕੇ ਜੁੜੇ ਹੋਣ ਦੀ ਗੱਲ ਵੀ ਅਹਿਮ ਹੈ। ਸਿਆਸੀ-ਪੰਡਤਾਂ ਦਾ ਇਹ ਖ਼ਿਆਲ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਨਾਲ ਲੱਗਭੱਗ ਇਕ-ਤਿਹਾਈ ਵੋਟਰ ਜੁੜੇ ਹੋਏ ਹਨ ਕਿਉਂਕਿ ਉਹ ਚੋਣਾਂ ਵਿਚ ਭਾਵੇਂ ਜਿੱਤਦੀ ਹੈ ਜਾਂ ਹਾਰਦੀ ਹੈ, ਉਸ ਨੂੰ 30 ਤੋਂ 32% ਵੋਟਾਂ ਤਾਂ ਮਿਲ ਹੀ ਜਾਂਦੀਆਂ ਹਨ। ਜੇਕਰ ਉਸ ਦੀਆਂ ਵਿਰੋਧੀ ਪਾਰਟੀਆਂ ਦੀਆਂ ਵੋਟਾਂ ਵੰਡੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਟੁੱਟ ਕੇ ਉਸ ਨੂੰ ਮਿਲ ਜਾਂਦੀਆਂ ਹਨ ਤਾਂ ਇਸ ਚੋਣ ਦੇ ਨਤੀਜੇ ਕਾਫ਼ੀ ਹੱਦ ਤੀਕ ਉਸ ਦੇ ਹੱਕ ਵਿਚ ਭੁਗਤ ਸਕਦੇ ਹਨ। ਪਿਛਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਕੋਈ ਵੀ ਸੀਟ ਨਹੀਂ ਮਿਲ ਸਕੀ ਸੀ ਅਤੇ ਇਸ ਦੀ ਹਾਲਤ ਇਸ ਵਾਰ ਵੀ ਫਿਰ ਕਾਫ਼ੀ ਪਤਲੀ ਹੀ ਨਜ਼ਰ ਆਉਂਦੀ ਹੈ। ਪਰ ਦਿੱਲੀ ਦੇ 15% ਵੋਟਰਾਂ ਨੇ ਵੀ ਜੇਕਰ ਇਸ ਪਾਰਟੀ ਦੇ 'ਵਿਕਾਸ ਮਾਡਲ' ਨੂੰ ਚੁਣ ਲਿਆ ਤਾਂ ਕਥਿਤ 'ਰਾਸ਼ਟਰਵਾਦੀ' ਭਾਰਤੀ ਜਨਤਾ ਪਾਰਟੀ ਦਾ ਗਰਾਫ਼ ਉੱਪਰ ਹੋ ਜਾਣ ਦੀ ਸੰਭਾਵਨਾ ਬਣ ਸਕਦੀ ਹੈ, ਕਿਉਂਕਿ ਇਹ 15% ਵੋਟਰ ਵਿਰੋਧੀ ਪਾਰਟੀ 'ਆਪ' ਵੱਲੋਂ ਆਏ ਹੋ ਸਕਦੇ ਹਨ ਜੋ ਉਸ ਦੀਆਂ ਪਿਛਲੀ ਵਾਰ ਦੀਆਂ 67 ਸੀਟਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੇ ਹਨ। ਇਸ ਦੇ ਮੁਕਾਬਲੇ ਜੇਕਰ ਕਾਂਗਰਸ ਪਾਰਟੀ ਨੂੰ 10% ਜਾਂ ਇਸ ਤੋਂ ਘੱਟ ਵੋਟਾਂ ਮਿਲਦੀਆਂ ਹਨ ਤਾਂ ਫਿਰ ਚੋਣ ਮੁਕਾਬਲਾ ਤਿਕੋਨਾ ਨਾ ਰਹਿ ਕੇ 'ਆਪ' ਅਤੇ ਭਾਜਪਾ ਵਿਚਕਾਰ ਸਿੱਧਾ ਹੀ ਹੋਵੇਗਾ ਜਿਸ ਦਾ ਲਾਭ 'ਆਪ' ਨੂੰ ਹੋ ਸਕਦਾ ਹੈ। ਇਸ ਹਾਲਤ ਵਿਚ ਉਸ ਦੀਆਂ ਸੀਟਾਂ ਬੇਸ਼ਕ ਪਿਛਲੀ ਵਾਰ ਵਾਂਗ ਏਨੀਆਂ ਜ਼ਿਆਦਾ ਨਾ ਆਉਣ ਪਰ ਬਹੁ-ਮੱਤ ਬਨਾਉਣ ਵਿਚ ਬਹੁਤੀ ਮੁਸ਼ਕਲ ਸ਼ਾਇਦ ਨਾ ਹੀ ਆਏ।

ਇਸ ਤਰ੍ਹਾਂ ਕਾਂਗਰਸ ਪਾਰਟੀ ਆਪ ਤਾਂ ਭਾਵੇਂ ਤੀਸਰੇ ਥਾਂ 'ਤੇ ਰਹਿੰਦੀ ਹੈ ਜਾਂ ਪਿਛਲੀ ਵਾਰ ਵਾਂਗ ਇਹ ਸ਼ਾਇਦ ਕੋਈ ਵੀ ਸੀਟ ਨਾ ਲਿਜਾ ਸਕੇ ਪਰ ਉਹ ਭਾਜਪਾ ਨੂੰ ਜਿਤਾਉਣ ਵਿਚ ਜ਼ਰੂਰ ਸਹਾਈ ਹੋ ਸਕਦੀ ਹੈ। ਉਧਰੋਂ ਭਾਜਪਾ ਵੀ ਇਹ ਚੋਣ ਜਿੱਤਣ ਲਈ ਆਪਣਾ ਪੂਰਾ ਟਿੱਲ ਲਗਾ ਰਹੀ ਹੈ। ਉਸ ਦੇ ਨੇਤਾ ਅੱਜਕੱਲ੍ਹ ਇਕ ਦੂਸਰੇ ਤੋਂ ਵੱਧ ਚੜ੍ਹ ਕੇ ਗਰਮਾ-ਗਰਮ ਬਿਆਨ ਦੇ ਰਹੇ ਹਨ। ਐੱਨ.ਸੀ.ਏ., ਐੱਨ.ਆਰ.ਸੀ. ਅਤੇ ਐੱਨ.ਪੀ.ਆਰ. ਵਿਰੁੱਧ ਸ਼ਾਹੀਨ ਬਾਗ਼ ਵਿਚ ਧਰਨੇ 'ਤੇ ਬੈਠੇ ਲੋਕਾਂ ਨੂੰ 'ਦੇਸ਼ ਦੇ ਗ਼ੱਦਾਰ' ਗਰਦਾਨ ਕੇ ਉਨ੍ਹਾਂ ਦੇ ਵਿਰੁੱਧ ਜ਼ਹਿਰ ਉਗਲਦਿਆਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਤਾਂ ਉਨ੍ਹਾਂ ਨੂੰ 'ਗੋਲੀ ਮਾਰਨ' ਦੇ ਨਾਅਰੇ ਵੀ ਆਪਣੇ ਹਮਾਇਤੀਆਂ ਕੋਲੋਂ ਲਗਵਾ ਦਿੱਤੇ ਹਨ ਜਦੋਂ ਆਪਣੀ ਪਾਰਟੀ ਦੇ ਇਕ ਉਮੀਦਵਾਰ ਦੀ ਰੈਲੀ ਵਿਚ ਬੋਲਦਿਆਂ ਉਸ ਨੇ ਲੋਕਾਂ ਨੂੰ ਨਵਾਂ ਨਾਅਰਾ ਦਿੱਤਾ,"ਦੇਸ਼ ਕੇ ਗ਼ੱਦਾਰੋਂ ਕੋ" ਅਤੇ ਲੋਕਾਂ ਨੇ ਅੱਗੋਂ ਉਸ ਨੂੰ ਜੁਆਬ ਦਿੱਤਾ,"ਗੋਲੀ ਮਾਰੋ ਸਾਲੋਂ ਕੋ"। ਬੇਸ਼ਕ, ਚੋਣ ਕਮਿਸ਼ਨ ਵੱਲੋਂ ਉਸ ਨੂੰ ਇਸ ਦੇ ਬਾਰੇ ਨੋਟਿਸ ਵੀ ਮਿਲ ਗਿਆ ਹੈ ਪਰ 'ਨਾਅਰੇ' ਤਾਂ ਨਾਅਰੇ ਹੀ ਹਨ ਅਤੇ ਇਨ੍ਹਾਂ ਦਾ ਕੋਝ ਨਾ ਕੋਝ ਅਸਰ ਤਾਂ ਤਾਂ ਲੋਕਾਂ ਉੱਪਰ ਹੋ ਹੀ ਜਾਂਦਾ ਹੈ।

ਇਸ ਦੇ ਨਾਲ ਹੀ ਇਸ ਪਾਰਟੀ ਦੇ ਇਕ ਹੋਰ ਨੇਤਾ ਪ੍ਰਵੇਸ਼ ਸਾਹਿਬ ਸਿੰਘ ਵਰਮਾ ਨੇ ਇਨ੍ਹਾਂ ਚੋਣਾਂ ਵਿਚ ਭਾਜਪਾ ਦੀ ਸਰਕਾਰ ਬਣਨ ਦੇ ਇਕ ਘੰਟੇ ਦੇ ਅੰਦਰ ਅੰਦਰ ਹੀ ਉਨ੍ਹਾਂ ਨੂੰ ਉੱਥੋਂ ਉਠਾਉਣ ਅਤੇ ਇਕ ਮਹੀਨੇ ਵਿਚ ਸਰਕਾਰੀ ਥਾਵਾਂ 'ਤੇ ਬਣੀਆਂ ਸਾਰੀਆਂ ਮਸਜਿਦਾਂ ਨੂੰ ਢਾਹੁਣ ਦੀ ਗੱਲ ਕਹੀ ਹੈ। ਭਾਜਪਾ ਦੇ ਹੀ ਇਕ ਹੋਰ ਨੇਤਾ ਦਾ ਕਹਿਣਾ ਹੈ ਕਿ 8 ਫ਼ਰਵਰੀ ਨੂੰ ਦਿੱਲੀ ਵਿਚ ਚੋਣ ਨਹੀਂ, ਸਗੋਂ ਭਾਰਤ ਤੇ ਪਾਕਿਸਤਾਨ ਦਾ 'ਮੈਚ' ਹੋਣਾ ਹੈ। ਇਹ ਨਾਅਰੇ ਜਾਂ ਇਹ ਗਰਮ ਬਿਆਨ ਦਿੱਲੀ ਦੀ ਇਸ ਚੋਣ ਵਿਚ ਕਿੰਨੇ ਕੁ ਸਾਰਥਿਕ ਜਾਂ ਨਰਾਰਥਿਕ ਸਾਬਤ ਹੋਣਗੇ, ਇਸ ਦਾ ਪਤਾ ਤਾਂ 11 ਫ਼ਰਵਰੀ ਨੂੰ ਹੀ ਲੱਗੇਗਾ ਪਰ ਭਾਜਪਾ ਦੇ ਨੇਤਾਵਾਂ ਦਾ ਕਥਿਤ 'ਰਾਸ਼ਟਰਵਾਦੀ ਚਿਹਰਾ' ਲੋਕਾਂ ਦੇ ਸਾਹਮਣੇ ਪੂਰੀ ਤਰ੍ਹਾਂ ਬੇ-ਨਕਾਬ ਹੋ ਰਿਹਾ ਹੈ। ਫ਼ਿਲਹਾਲ ਤਾਂ ਸਾਰੇ 8 ਫ਼ਰਵਰੀ ਅਤੇ 11 ਫ਼ਰਵਰੀ ਦੀ ਉਡੀਕ ਕਰ ਰਹੇ ਹਨ। ਵੇਖੋ! ਊਠ ਕਿਸ ਕਰਵਟ ਬੈਠਦਾ ਹੈ।

# ਸ਼ਹੀਦ ਊਧਮ ਸਿੰਘ ਨੂੰ ਯਾਦ ਕਰਦਿਆਂ....

ਭਾਰਤ ਦੀ ਧਰਤ ਨੇ ਇਕ ਲੰਮਾ ਅਰਸਾ ਗੁਲਾਮੀ ਦਾ ਹੰਢਾਇਆ ਹੈ। ਜਿਸਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਲੱਖਾਂ ਭਾਰਤੀ ਸੂਰਵੀਰ ਯੋਧਿਆਂ ਨੇ ਆਪਣੇ ਪ੍ਰਾਣ ਨਿਛਾਵਰ ਕੀਤੇ ਹਨ। ਬਹੁਤ ਸਾਰੇ ਸ਼ਹੀਦ ਅਜਿਹੇ ਵੀ ਹਨ ਜਿਨ੍ਹਾ ਦਾ ਨਾਮ ਇਤਿਹਾਸ ਦੇ ਪੰਨਿਆ ਤੇ ਦਰਜ਼ ਹੀ ਨਹੀ ਹੋ ਸਕਿਆ। ਅਜ਼ਾਦੀ ਦੇ ਇਸ ਘੋਲ ਵਿਚ ਪੰਜਾਬੀਆਂ ਦਾ ਵੀ ਉਚੇਚਾ ਯੋਗਦਾਨ ਰਿਹਾ ਹੈ। ਇਹਨਾ ਹੀ ਸਿਰਲੱਥ ਸੂਰਮਿਆਂ ਵਿਚੋਂ ਹੀ ਇਕ ਨਾਮ ਸ਼ਹੀਦ ਊਧਮ ਸਿੰਘ ਜੀ ਦਾ ਹੈ। ਜਦੋਂ ਕਦੀ ਜਲਿਆਂ ਵਾਲੇ ਖ਼ੂਨੀ ਸਾਕੇ ਦਾ ਜ਼ਿਕਰ ਹੁੰਦਾ ਹੈ ਤਾਂ ਸਹਿਜੇ ਹੀ ਊਧਮ ਸਿੰਘ ਦਾ ਨਾਮ ਯਾਦ ਆ ਜਾਂਦਾ ਹੈ ਜਿਸਨੇ 21 ਸਾਲਾਂ ਬਾਅਦ 1919 ਦੀ ਵਿਸਾਖੀ ਨੂੰ ਅਮ੍ਰਿਸਰ ਦੇ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਖ਼ੂਨੀ ਸਾਕੇ ਦਾ ਬਦਲਾ ਜਨਰਲ ਡਾਇਰ ਨੂੰ ਮਾਰ ਕੇ ਲਿਆ। ਸ.ਊਧਮ ਸਿੰਘ ਦਾ ਸਾਰਾ ਜੀਵਨ ਕੁਰਬਾਨੀਆਂ ਤੇ ਸੰਘਰਸ਼ ਨਾਲ ਭਰਿਆ ਹੋਇਆ ਹੈ। ਇਹਨਾ ਦੀ ਜੀਵਨੀ ਨੂੰ ਪੜ੍ਹ ਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦੀ ਪ੍ਰੇਨਾ ਮਿਲਦੀ ਹੈ।

ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਜਿਲ੍ਹਾ ਸੰਗਰੂਰ ਨੂੰ ਸ ਟਹਿਲ ਸਿੰਘ ਦੇ ਘਰ ਹੋਇਆ ਜਿਹੜੇ ਉਪਲੀ ਪਿੰਡ ਵਿਚ ਰੇਲਵੇ ਕਰਾਸਿੰਗ ਤੇ ਚੌਂਕੀਦਾਰ ਸਨ। ਊਧਮ ਸਿੰਘ ਦਾ ਬਚਪਨ ਦਾ ਨਾਮ ਸ਼ੇਰ ਸਿੰਘ ਸੀ। 7 ਸਾਲ ਦੀ ਉਮਰ ਵਿਚ ਇਹਨਾ ਦੇ ਮਾਤਾ ਪਿਤਾ ਚਲ ਵਸੇ ਜਿਸਦੇ ਸਿੱਟੇ ਵਜੋਂ ਇਹਨਾ ਨੂੰ ਕੇਂਦਰੀ ਖਾਲਸਾ ਯਤੀਮਘਰ ਅਮ੍ਰਿਸਰ ਵਿਚ ਲਿਜਾਇਆ ਗਿਆ। ਜਿਥੇ ਇਹ ਸਿੱਖੀ ਗੁਣਾਂ ਵਿਚ ਢਲ ਗਏ ਤੇ ਇਥੇ ਹੀ ਇਹਨਾ ਨੂੰ ਊਧਮ ਸਿੰਘ ਦਾ ਨਾਮ ਦਿੱਤਾ ਗਿਆ ਤੇ ਇਹਨਾ ਦੇ ਭਰਾ ਨੂੰ ਮੁਕਤਾ ਸਿੰਘ ਨੂੰ ਸਾਧੂ ਸਿੰਘ ਦਾ ਨਾਮ ਮਿਲਿਆ। 1917 ਵਿਚ ਵੱਡੇ ਭਰਾ ਦਾ ਦਿਹਾਂਤ ਹੋ ਗਿਆ ਤੇ ਊਧਮ ਸਿੰਘ ਕੱਲੇ ਰਹਿ ਗਏ। 1918 ਵਿਚ ਦਸਵੀਂ ਜਮਾਤ ਕਰਨ ਪਿੱਛੋਂ ਆਪ ਨੇ ਅਨਾਥਘਰ ਛੱਡ ਦਿੱਤਾ। ਜਦੋਂ 13 ਅਪ੍ਰੈਲ 1919 ਦਾ ਉਹ ਖ਼ੂਨੀ ਸਾਕਾ ਵਾਪਰਿਆ ਤਾ ਊਧਮ ਸਿੰਘ ਉੱਥੇ ਹੀ ਮੌਜੂਦ ਸਨ ਤੇ ਆਪਣੀ ਸਾਥੀਆਂ ਨਾਲ ਭੀੜ ਨੂੰ ਪਾਣੀ ਪਿਲਾ ਰਹੇ ਸਨ। ਇਸ ਖ਼ੂਨੀ ਕਾਂਡ ਨੇ ਊਧਮ ਸਿੰਘ ਦੇ ਮਨ ਤੇ ਬਹੁਤ ਡੂੰਘਾ ਅਸਰ ਕੀਤਾ। ਉਹਨਾ ਨੇ ਇਸ ਖ਼ੂਨੀ ਹਾਦਸੇ ਦੇ ਜਿੰਮੇਵਾਰ ਅਫਸਰਾਂ ਤੋਂ ਬਦਲਾ ਲੈਣ ਦਾ ਪ੍ਰਣ ਲਿਆ।



ਇਸ ਤੋਂ ਬਾਅਦ ਉਹ ਅਮਰੀਕਾ ਚਲੇ ਗਏ ਤੇ ਜਦੋਂ ਉਹਨਾ ਨੂੰ ਬੱਬਰ ਅਕਾਲੀ ਲਹਿਰ ਬਾਰੇ ਪਤਾ ਲੱਗਾ ਤੇ ਉਹ ਵਾਪਸ ਭਾਰਤ ਆ ਗਏ। ਉਹ ਆਪਣੇ ਨਾਲ ਪਿਸਤੌਲ ਲੈ ਕੇ ਆਏ ਜਿਸ ਕਰਕੇ ਉਹਨਾ ਨੂੰ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਗਿਆ ਤੇ ਗੈਰ-ਕਾਨੂੰਨੀ ਅਸਲਾ ਤੇ ਗਦਰ ਪਾਰਟੀ ਨਾਲ ਸਬੰਧ ਰੱਖਣ ਲਈ ਚਾਰ ਸਾਲ ਅੰਦਰ ਰੱਖਿਆ ਗਿਆ। 1931 ਵਿਚ

ਜੇਲ ਤੋਂ ਰਿਹਾਈ ਪਿੱਛੋਂ ਉਹ ਸੁਨਾਮ ਆ ਗਏ ਜਿਥੇ ਪੁਲਿਸ ਵਲੋਂ ਉਹਨੂੰ ਨੂੰ ਲਗਾਤਾਰ ਪਰੇਸ਼ਾਨ ਕੀਤਾ ਜਾਣ ਲੱਗਾ। ਅਸਲ ਵਿਚ ਉਹਨਾ ਤੇ ਭਗਤ ਸਿੰਘ ਦੀ ਸ਼ਖਸ਼ੀਅਤ ਦਾ ਬਹੁਤ ਪ੍ਰਭਾਵ ਸੀ ਤੇ ਅੰਗਰੇਜ਼ ਉਹਨਾ ਨੂੰ ਭਗਤ ਸਿੰਘ ਦਾ ਸਾਥੀ ਸਮਝਦੇ ਸਨ। ਇਸ ਦੌਰਾਨ ਹੀ ਉਹਨਾ ਨੇ ਅਮ੍ਰਿਸਰ ਵਿਚ ਇਕ ਦਕਾਨ ਖੋਲੀ ਜਿਸਤੇ ਇਕ ਪੇਂਟਰ ਦਾ ਬੋਰਡ ਲਗਾਇਆ ਤੇ ਨਾਮ ਲਿਖਿਆ ਰਾਮ ਮੁਹੰਮਦ ਸਿੰਘ ਅਜ਼ਾਦ। ਅਸਲ ਵਿਚ ਇਹ ਨਾਮ ਸਾਰੇ ਧਰਮਾਂ ਨੂੰ ਦਰਸਾਉਦਾ ਸੀ। ਇਸ ਤੋਂ ਬਾਅਦ ਉਹ ਕਸ਼ਮੀਰ ਚਲੇ ਗਏ । ਪੁਲਿਸ ਲਗਾਤਾਰ ਉਹਨਾ ਤੇ ਨਜ਼ਰ ਰੱਖੀ ਹੋਈ ਸੀ। ਪਰ ਕਿਸੇ ਤਰ੍ਹਾਂ ਪੁਲਿਸ ਨੂੰ ਚਕਮਾਂ ਦੇ ਕੇ ਉਹ ਜਰਮਨੀ ਪਹੁੰਚ ਗਏ । ਜਿਸਤੋਂ ਬਾਅਦ ਲਗਭਗ 1934 ਵਿਚ ਉਹ ਲੰਡਨ ਪਹੁੰਚੇ ਜਿਥੇ ਉਹ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯੋਜਨਾ ਬਣਾਉਣ ਲੱਗੇ।

ਅੰਤ 13 ਮਾਰਚ 1940 ਨੂੰ ਉਹ ਦਿਨ ਆ ਗਿਆ ਜਦੋਂ ਲੰਡਨ ਦੇ ਕੰਗਸਟਨ ਹਾਲ ਵਿਚ ਈਸਟ ਇੰਡੀਆਂ ਕੰਪਨੀ ਤੇ ਕੇਂਦਰੀ ਏਸ਼ੀਅਨ ਸੁਸਾਇਟੀ ਦੀ ਸਾਂਝੀ ਮੀਟਿੰਗ ਹੋ ਰਹੀ ਸੀ ਜਿਸ ਵਿਚ ਜਲ੍ਹਿਆਂ ਵਾਲੇ ਬਾਗ ਹੱਤਿਆ ਕਾਂਡ ਦੇ ਮੁੱਖ ਦੋਸ਼ੀ ਜਨਰਲ ਉਡਵਾਇਰ ਨੇ ਭਾਸ਼ਣ ਦੇਣਾ ਸੀ। ਲਗਭਗ ਸ਼ਾਮ ਦਾ ਸਮਾਂ ਸੀ। ਊਧਮ ਸਿੰਘ ਹਾਲ ਵਿਚ ਦਾਖਲ ਹੋਣ ਸਮੇਂ ਆਪਣੀ ਰਿਵਾਲਵਰ ਕਿਤਾਬ ਵਿਚ ਲੁਕਾ ਕੇ ਲੈ ਗਏ ਸਨ। ਜਿਵੇਂ ਹੀ ਭਾਸ਼ਣ ਖਤਮ ਹੋਇਆ ਊਧਮ ਸਿੰਘ ਆਪਣੇ ਓਵਰ ਕੋਟ ਦੀ ਜ਼ੇਬ ਵਿਚੋਂ ਰਿਵਾਲਵਰ ਵਿਚੋਂ ਪਹਿਲੀਆਂ ਦੋ ਗੋਲੀਆਂ ਮਾਰਕੁਅਸ ਆਫ ਜੈੱਟਲੈਂਡ (ਸੈਕਰੇਟਰੀ ਫਾਰ ਇੰਡੀਆ ਸਟੇਟ)ਦੇ ਮਾਰੀਆਂ ਜਿਸ ਨਾਲ ਉਹ ਜਖ਼ਮੀ ਹੋ ਕੇ ਆਪਣੀ ਕੁਰਸੀ ਤੇ ਡਿਗ ਪਿਆ, ਉਸ ਤੋਂ ਬਾਅਦ ਦੋ ਗੋਲ਼ੀਆਂ ਮਾਇਕਲ ਉਡਵਾਇਰ ਦੇ ਮਾਰੀਆਂ ਜਿਸ ਨਾਲ ਉਸਦੀ ਮੋਕੇ ਤੇ ਹੀ ਮੋਤ ਹੋ ਗਈ। ਇਸ ਤੋਂ ਇਲਾਵਾ ਉਹਨਾ ਨੇ ਲੁਈਸ ਡੇਨ(ਸਾਬਕਾ ਗਵਰਨਰ ਬੰਬੇ),ਲਾਰਡ ਲੈਮਿੰਗਟਨ(ਸਾਬਕਾ ਗਵਰਨਰ ਪੰਜਾਬ) ਜੋ ਕਿ ਪਹਿਲੀ ਕਤਾਰ ਵਿਚ ਬੈਠੇ ਸਨ ਦਾ ਵੀ ਗੋਲ਼ੀਆਂ ਮਾਰੀਆਂ ਭਾਵੇਂ ਇਹ ਗੋਰੇ ਜਲ੍ਹਿਆਂ ਵਾਲੇ ਖ਼ੂਨੀ ਕਾਂਡ ਨਾਲ ਸਬੰਧਿਤ ਨਹੀ ਸਨ ਪਰ ਇਹਨਾ ਜਾਲਮਾਂ ਨੇ ਵੀ ਭਾਰਤੀ ਲੋਕਾਂ ਤੇ ਕ੍ਰਾਂਤੀਕਾਰੀਆਂ ਤੇ ਬਾਹਲਾ ਤਸ਼ੱਦਦ ਕੀਤਾ ਸੀ।

ਇਸ ਤਰ੍ਹਾਂ 21 ਸਾਲਾਂ ਬਾਅਦ ਊਧਮ ਸਿੰਘ ਨੇ ਜਲ੍ਹਿਆਂ ਵਾਲੇ ਖ਼ੂਨੀ ਸਾਕੇ ਦਾ ਬਦਲਾ ਲੰਡਨ ਵਿਚ ਲਿਆ। ਗੋਰੇ ਨੇ ਖਤਮ ਕਰਨ ਤੋ ਬਾਅਦ ਉਹ ਉਤੋਂ ਭੱਜੇ ਨਹੀ ਸਗੋਂ ਗ੍ਰਿਫਤਾਰੀ ਦੇ ਦਿੱਤੀ । ਇਸਤੋਂ ਬਾਅਦ ਉਹਨਾ 'ਤੇ ਹੱਤਿਆ ਦਾ ਮੁਕੱਦਮਾਂ ਚਲਾਇਆ ਗਿਆ।

1ਅਪ੍ਰੈਲ 1940 ਨੂੰ ਉਹਨਾ ਨੂੰ ਉਡਵਾਇਰ ਦਾ ਹੱਤਿਆਰਾ ਮੰਨ ਲਿਆ ਗਿਆ। ਟਰਾਇਲ ਕੋਰਟ ਤੋਂ ਬਾਅਦ ਉਹਨੂੰ ਕੇਂਦਰੀ ਅਪਰਾਧਿਕ ਕੋਰਟ ਵਿਚ ਪੁੱਛ-ਗਿੱਛ ਲਈ ਪੇਸ਼ ਕੀਤਾ ਗਿਆ ਜਿਸ ਤੋਂ ਬਾਅਦ ਉਹਨਾ ਨੂੰ ਪੁਰਾਣੀ ਬੇਲੀ ਜੇਲ ਵਿਚ ਰੱਖਿਆ ਗਿਆ। ਹਲਾਂਕਿ ਜਸਟਿਸ ਐਟਿਕਿਨਸਨ ਨੇ ਉਹਨਾ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਸੀ। ਜਿਸਨੂੰ ਰੱਦ ਕਰਵਾਉਣ ਲਈ 15 ਜੁਲਾਈ 1940 ਨੂੰ ਇਕ ਪਟੀਸ਼ਨ ਦਾਇਰ ਕੀਤੀ ਗਈ ਜਿਸਨੂੰ ਖਾਰਿਜ਼ ਕਰ ਦਿੱਤਾ ਗਿਆ ਸੀ। ਅੰਤ 31 ਜੁਲਾਈ 1940 ਨੂੰ ਪੈਂਟਵੇਲੀ ਜੇਲ ਵਿਚ ਇਸ ਸਿਰਲੱਥ ਸੂਰਮੇਂ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।

ਊਧਮ ਸਿੰਘ ਦੀ ਜੀਵਨੀ ਪੜ੍ਹ ਕੇ ਇਕ ਪਾਸੇ ਜਿੱਥੇ ਪੰਜਾਬੀ ਹੋਣ ਤੇ ਮਾਣ ਮਹਿਸੂਸ ਹੁੰਦਾ ਹੈ ਦੂਜੇ ਪਾਸੇ ਆਪਣੇ ਅੰਦਰ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਦਾ ਜ਼ਜਬਾ ਜਗਾਉਣ ਦੀ ਪ੍ਰੇਨਾ ਵੀ ਮਿਲਦੀ ਹੈ। ਆਉਣ ਵਾਲੇ ਸਮੇਂ ਵਿਚ ਆਉ ਇਹਨਾਂ ਸ਼ਹੀਦਾਂ ਦੀ ਸੋਚ ਤੇ ਅਮਲ ਕਰਨ ਦਾ ਯਤਨ ਕਰਈਏ ਤੇ ਆਪਣੇ ਦੇਸ਼ ਕੋਮ ਦੀ ਉੱਨਤੀ ਵਿਚ ਯੋਗਦਾਨ ਪਾਈਏ।

ਊਧਮ ਸਿੰਘ ਨੇ ਜਦ ਹੱਥ ਪਾਇਆ
ਘੋੜੇ ਨੂੰ,
ਭੱਜਣ ਨੂੰ ਥਾਂ ਨਾ ਲੱਭੇ ਲੰਡਨ ਵਿਚ
ਗੋਰੇ ਨੂੰ,
ਦੋ ਫਾਇਰਾ ਵਿਚ ਜਾਲ਼ਮ ਦਾ ਸਿੰਘ ਨੇ
ਕੰਮ ਮੁਕਾ ਦਿੱਤਾ,
ਜਲ੍ਹਿਆਂ ਵਾਲੇ ਸਾਕੇ ਦਾ ਭਾਰ ਸਿਰ ਤੋਂ
ਲਾਹ ਦਿੱਤਾ,
ਦਿਲੋਂ ਸਲਾਮ ਅਜਿਹੇ ਮਾਣਮੱਤਿਆਂ
ਸਰਦਾਰਾਂ ਨੂੰ,
ਪੂਜਦੇ ਰਹਾਂਗੇ ਸਦਾ ਥੋਡਿਆ
ਕਿਰਦਾਰਾਂ ਨੂੰ ।

ਰਵਿੰਦਰ ਲਾਲਪੁਰੀ
ਨੂਰਪੁਰ ਬੇਦੀ (ਰੋਪੜ)

# ਰੁੱਖਾਂ ਦੀ ਮੌਤ 'ਤੇ ਵਿਕਾਸ ਦਾ ਜਸ਼ਨ

-ਹਰਕੰਵਲ ਸਿੰਘ ਕੰਗ

ਲੁਧਿਆਣਾ-ਚੰਡੀਗੜ੍ਹ ਸੜਕ ਉਤੇ ਖੜੇ ਰੁੱਖਾਂ ਦੇ ਨਾਲ ਮੇਰੀ ਸਾਂਝ ਤਾਂ ਬਹੁਤ ਪੁਰਾਣੀ ਸੀ, ਪਰ ਪਿਛਲੇ ਸਮੇਂ ਵਿੱਚ ਇਹ ਅਪਣੱਤ ਦੇ ਅਹਿਸਾਸ ਵਿੱਚ ਬਦਲ ਗਈ। ਇਹ ਵਿਸ਼ਾਲ ਰੁੱਖ ਸਾਈਕਲਾਂ, ਮੋਟਰ ਸਾਈਕਲਾਂ ਤੇ ਸਕੂਟਰ ਵਾਲਿਆਂ ਨੂੰ ਜੇਠ ਹਾੜ੍ਹ ਦੀਆਂ ਧੁੱਪਾਂ ਦਾ ਅਹਿਸ-ਾਸ ਨਹੀਂ ਸੀ ਹੋਣ ਦਿੰਦੇ। ਮੈਂ ਵੀ ਉਹ ਆਨੰਦ ਮਾਣਦਾ ਸੀ। ਪਿਛਲੇ ਦਿਨੀਂ ਜਦੋਂ ਪਿੰਡ ਜਾਣ ਲਈ ਕਾਰ ਨੇ ਖਰੜ ਤੋਂ ਖਾਨਪੁਰ ਵਾਲਾ ਮੋੜ ਕੱਟਿਆ ਤਾਂ ਅੱਖਾਂ ਸਾਹਮਣੇ ਸਮਝੋ ਪਰਲੋ ਆ ਗਈ। ਸੜਕ ਦੇ ਆਲੇ ਦੁਆਲੇ ਵੱਡੇ-ਵੱਡੇ ਦਰੱਖਤ ਕੱਟ ਕੇ ਵਿਛਾਏ ਪਏ ਸਨ। ਇਹ ਸਾਰਾ ਕੁਝ ਸੜਕ ਦੀ ਸਿਕਸ-ਲੇਨਿੰਗ ਦੇ ਨਾਂ 'ਤੇ ਹੋ ਰਿਹਾ ਸੀ। ਵਿਕਾਸ ਦੇ ਨਾਂ 'ਤੇ ਹੁੰਦੇ ਵਿਨਾਸ਼ ਦੇ ਪ੍ਰਤੱਖ ਦਰਸ਼ਨ ਹੋ ਰਹੇ ਸਨ। 'ਸੱਥਰ', 'ਵਢਾਂਗਾ', 'ਪਰਲੋ' ਆਦਿ ਸ਼ਬਦਾਂ ਦੇ ਵਿਸ਼ਾਲ ਅਰਥ ਮੇਰੇ ਜ਼ਿਹਨ ਵਿੱਚ ਘੁੰਮੇ। ਆਪਣੇ ਪਿੰਡ ਖਮਾਣੋਂ ਪੁੱਜਦਿਆਂ-ਪੁੱਜਦਿਆਂ ਮੈਂ ਹਜ਼ਾਰਾਂ ਦਰੱਖਤਾਂ ਦੀ ਪੀੜ ਨੂੰ ਆਪਣੇ ਪਿੰਡੇ 'ਤੇ ਹੰਢਾ ਰਿਹਾ ਸੀ। ਉਨ੍ਹਾਂ ਦੇ ਡਿੱਗਣ ਦੌਰਾਨ ਪੈ ਰਹੇ ਜੜਾਂਗਿਆਂ ਦੀਆਂ ਆਵਾਜ਼ਾਂ ਵਾਰ-ਵਾਰ ਮੇਰੇ ਕੰਨਾਂ ਵਿੱਚ ਪੈ ਰਹੀਆਂ ਸਨ। ਮੈਨੂੰ ਪੰਜਾਬੀ ਦੇ ਮਹਾਨ ਸ਼ਾਇਰ ਸ਼ਿਵ ਬਟਾਲਵੀ ਦੀ ਕਵਿਤਾ ਯਾਦ ਆਈ

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ
ਕੁਝ ਰੁੱਖ ਲੱਗਦੇ ਮਾਵਾਂ,
ਕੁਝ ਰੁੱਖ ਨੂੰਹਾਂ, ਧੀਆਂ ਲੱਗਦੇ,
ਕੁਝ ਰੁੱਖ ਵਾਂਗ ਭਰਾਵਾਂ,
ਕੁਝ ਰੁੱਖ ਮੇਰੇ ਬਾਬੇ ਵਾਂਗਰ,
ਪੱਤਰ ਟਾਵਾਂ-ਟਾਵਾਂ,
ਕੁਝ ਰੁੱਖ ਮੇਰੀ ਦਾਦੀ ਵਰਗੇ,
ਚੂਰੀ ਪਾਵਾਂ ਕਾਵਾਂ,
ਕੁਝ ਰੁੱਖ ਯਾਰਾਂ ਵਰਗੇ ਲੱਗਦੇ
ਚੁੰਮਾਂ ਤੇ ਗਲ ਲਾਵਾਂ।

ਸੜਕ ਦੇ ਬਣਨ ਤੋਂ ਪਹਿਲਾਂ ਜਿਵੇਂ ਕੁਝ ਸਾਜ਼ਿਸ਼ੀ ਜਾਪਣ ਲੱਗਾ। ਸਰਕਾਰੀ ਵਿਰਾਸਤ ਨੂੰ ਪਏ ਸਰਕਾਰੀ ਚੋਰਾਂ ਦਾ ਕਾਰਾ ਮੇਰੇ ਹੁੱਝਾਂ ਮਾਰ ਰਿਹਾ ਸੀ। ਮੇਰੀ ਕਲਮ ਨੂੰ ਚੁਣੌਤੀ ਦੇ ਰਿਹਾ ਸੀ। ਮੇਰੀ ਰੂਹ ਦਰੱਖਤਾਂ ਦੇ ਬੇਕਿਰਕੀ ਨਾਲ ਕੀਤੇ ਵਢਾਂਗੇ ਲਈ ਲਾਅਨਤਾਂ ਪਾ ਰਹੀ ਸੀ। ਦਰੱਖਤ ਮੈਨੂੰ ਕਿਸੇ ਜੰਗ ਵਿੱਚ ਪਏ ਸੂਰਮਿਆਂ ਦੀ ਤਰ੍ਹਾਂ ਲਹੂ ਲੁਹਾਨ ਹੋਏ ਜਾਪੇ। ਜਦੋਂ ਮੈਂ ਉਚੇ ਪਿੰਡ ਕੋਲ ਪੁੱਜਾ ਤਾਂ ਅੱਡੇ ਵਿੱਚ ਖੜਾ ਵਿਸ਼ਾਲ ਸਦੀਆਂ ਪੁਰਾਣਾ ਪਿੱਪਲ ਲੰਮਾ ਪਾਇਆ ਪਿਆ ਸੀ। ਉਸ ਦੇ ਆਲੇ ਦੁਆਲੇ ਲੱਗੀ ਰੌਣਕ ਮੈਨੂੰ ਮਾਤਮ ਵਿੱਚ ਤਬਦੀਲ ਹੋਈ ਜਾਪੀ। ਪਿੱਪਲ ਦੇ ਵੱਢੇ ਜਾਣ ਨਾਲ ਮੈਨੂੰ ਕਿੰਨੇ ਹੀ ਪੰਛੀਆਂ ਦੇ ਬੇਘਰੇ ਹੋਣ ਦਾ ਅਹਿਸਾਸ ਹੋਇਆ। ਚਲੋ ਸਾਡੀ ਰਾਤ ਤਾਂ ਏ ਸੀ ਲਾ ਕੇ ਲੰਘ ਜਾਂਦੀ ਹੈ, ਅੱਜ ਉਨ੍ਹਾਂ ਪੰਛੀਆਂ, ਉਨ੍ਹਾਂ ਦੇ ਬੋਟਾਂ ਦਾ ਕੀ ਬਣਿਆ ਹੋਵੇਗਾ, ਜਿਨ੍ਹਾਂ ਉਤੇ ਦਿਨ ਦਿਹਾੜੇ ਬਿਜਲੀ ਆ ਪਈ ਸੀ। ਸੈਂਕੜੇ ਪੰਛੀ ਪਲਾਂ ਵਿੱਚ ਹੀ ਵਿਕਾਸ ਦੇ ਨਾਂ 'ਤੇ ਬੇਘਰ ਹੋ ਗਏ ਸਨ। ਉਨ੍ਹਾਂ ਦੇ ਦਾਣੇ ਪਾਣੀ ਦਾ ਖਿਆਲ ਕਿਸੇ ਨੂੰ ਕਿਉਂ ਨਾ ਆਇਆ। ਪਿੱਪਲ ਜਿਸ ਦੀ ਬੁੱਕਲ 'ਚ ਸਦੀਆਂ ਦਾ ਇਤਿਹਾਸ ਸਮੋਇਆ ਪਿਆ ਸੀ, ਹੁਣ ਉਹ ਯਾਦਾਂ 'ਚ ਬਦਲ ਚੁੱਕਾ ਸੀ।

ਜਿਹੜੇ ਦੁਕਾਨਦਾਰ ਪਿੱਪਲ ਦੀ ਗੋਦ ਵਿੱਚ ਰੁਮਕਦੀ ਪੌਣ ਦਾ ਸਾਲਾਂ ਤੋਂ ਸੁੱਖ ਮਾਣਦੇ ਸਨ, ਉਨ੍ਹਾਂ ਨੇ ਸਿਰਾਂ ਉੱਤੇ ਪੱਲੀਆਂ ਤਾਣ ਕੇ ਧੁੱਪ ਤੋਂ ਬਚਣ ਦਾ ਹੀਲਾ ਕਰ ਲਿਆ ਸੀ। ਮੈਨੂੰ ਇਨ੍ਹਾਂ 'ਮਰਦਾਂ' ਨਾਲ ਹਿਰਖ ਜਾਗਿਆ। ਇਨ੍ਹਾਂ ਆਪਣੇ ਇਸ ਆਸਰੇ ਨੂੰ ਬਚਾਉਣ ਲਈ ਕਿਉਂ ਹਾਲ ਦੁਹਾਈ ਨਾ ਪਾਈ, ਜਦੋਂ ਕਿ ਪਿੱਪਲ ਤਾਂ ਸੜਕ ਤੋਂ ਬਿਲਕੁਲ ਇਕ ਪਾਸੇ ਸੀ। ਮੈਨੂੰ ਲੱਗਿਆ ਕਿ ਸਾਡੀਆਂ ਰਗਾਂ ਵਿੱਚ ਹੁਣ ਉਹ ਖ਼ੂਨ ਨਹੀਂ ਖੌਲਦਾ, ਜੋ ਹਮੇਸ਼ਾ ਜ਼ਬਰ ਜ਼ੁਲਮ ਦੇ ਵਿਰੁੱਧ ਲੜਨ ਮਰਨ ਨੂੰ ਉਤਾਵਲਾ ਹੁੰਦਾ ਸੀ, ਜੋ ਵਧੀਕੀ ਬਰਦਾਸ਼ਤ ਨਹੀਂ ਕਰਦਾ ਸੀ। ਮੈਂ ਸੋਚਣ ਲੱਗਾ ਕਿ ਕਿਉਂ ਨਾ ਸਰਕਾਰੀ ਤੰਤਰ ਨੇ ਇਨ੍ਹਾਂ ਸਦੀਆਂ ਪੁਰਾਣੇ ਦਰੱਖਤਾਂ ਨੂੰ ਬਚਾਉਣ ਦਾ ਹੀਲਾ ਕੀਤਾ। ਜੇ ਇਨ੍ਹਾਂ ਨੂੰ ਵੱਢਣਾ ਮਜਬੂਰੀ ਸੀ ਤਾਂ ਫਿਰ ਪਿੱਛੇ ਹਟ ਕੇ ਦੂਜੀ ਲਾਈਨ ਵਿੱਚ ਪੌਦੇ ਕਿਉਂ ਨਾ ਲਾਏ। ਲੋਕਾਈ ਗਰਮੀ ਨਾਲ ਮਰ ਰਹੀ ਹੈ, ਅਸੀਂ ਕਿਉਂ ਵਿਸ਼ਾਲ ਦਰੱਖਤਾਂ ਨੂੰ ਵੱਢ ਕੇ ਖੁਦ ਹੀ ਜੀਵਨ ਨੂੰ ਵਿਨਾਸ਼ ਵੱਲ ਧੱਕ ਰਹੇ ਹਾਂ।

ਇਕ ਦਿਨ ਫਿਰ ਹੁਣ ਮੈਂ ਪਿੱਪਲ ਕੋਲੋਂ ਲੰਘਿਆ, ਉਹ ਅਜੇ ਵੀ ਲੰਬੇ ਨੰਗੇ ਧੜ ਧਰਤੀ ਮਾਂ ਦੀ ਗੋਦ ਵਿੱਚ ਪਿਆ ਸੀ। ਉਹੀ ਲੋਕ ਹੁਣ ਉਸ ਦੇ ਧੜ ਦੇ ਪਰਛਾਵੇਂ ਦੀ ਓਟ ਲੈ ਕੇ ਕਾਰੋਬਾਰ ਚਲਾ ਰਹੇ ਸਨ। ਮੈਨੂੰ ਸੁੰਦਰ ਲਾਲ ਬਹੁਗੁਣਾ ਵੱਲੋਂ ਚਲਾਏ ਚਿਪਕੋ ਅੰਦੋਲਨ ਦੀ ਯਾਦ ਆਈ। ਬਚਪਨ ਵਿੱਚ ਮੈਂ ਸਿਰਫ ਕੁਝ ਨੰਬਰ ਲੈਣ ਲਈ ਰੱਟਾ ਲਾਇਆ ਸੀ, ਪਰ ਉਸ ਦੇ ਕਾਰਜ ਦੀ ਮਹਾਨਤਾ ਦਾ ਅਹਿਸਾਸ ਹੁਣ ਹੋ ਰਿਹਾ ਸੀ। ਮੈਨੂੰ ਰੁੱਖਾਂ ਵਿੱਚ ਵੀ ਜਾਨ ਹੋਣ ਦਾ ਅਹਿਸਾਸ ਜਾਗਿਆ। ਉਨ੍ਹਾਂ ਦੇ ਧੜ 'ਤੇ ਚੱਲਦੇ ਆਰਿਆਂ ਦੇ ਅਹਿਸਾਸ ਨੇ ਰੂਹ ਕੰਬਾ ਦਿੱਤੀ। ਇਥੇ ਸੁਰਜੀਤ ਪਾਤਰ ਦੀਆਂ ਸੱਤਰਾਂ ਨੇ ਮੇਰੀ ਨਿਰਾਸ਼ਾ ਨੂੰ ਆਸਾਂ ਵਿੱਚ ਬਦਲਣ ਲਈ ਰਾਹ ਦਿਖਾਇਆ।

'ਜੇ ਆਈ ਪਤਝੜ ਤਾਂ ਫਿਰ ਕੀ ਐ,
ਤੂੰ ਆਉਂਦੀ ਰੁੱਤ 'ਚ ਯਕੀਨ ਰੱਖੀਂ,
ਮੈਂ ਲੱਭ ਕੇ ਕਿਤਿਓਂ ਲਿਆਉਨਾ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

# ਮੇਰੇ ਹਿੱਸੇ ਦਾ ਕੂੜਾ ਕਰਕਟ


-ਡਾ. ਮਨਦੀਪ ਕੌਰ

ਹਮੇਸ਼ਾ ਦੀ ਤਰ੍ਹਾਂ ਅੱਜ ਵੀ ਜਦ ਮੇਰੇ ਪੜਾਅ ਉਤੇ ਆ ਕੇ ਬੱਸ ਰੁਕੀ ਤਾਂ ਉਸ ਵਿੱਚੋਂ ਉਤਰਦਿਆਂ ਮੇਰੇ ਮਨ ਵਿਚ ਫਿਰ ਉਹੀ ਕਸ਼ਮਕਸ਼ ਸ਼ੁਰੂ ਹੋ ਗਈ। ਮੇਰਾ ਵੀ ਮਨ ਕੀਤਾ ਕਿ ਬਾਕੀ ਸਭ ਦੀ ਤਰ੍ਹਾਂ ਮੈਂ ਵੀ ਹੱਥ ਵਿੱਚ ਫੜੀ ਹੋਈ ਟਿਕਟ ਸੜਕ 'ਤੇ ਕਿਧਰੇ ਵਗਾਹ ਮਾਰਾਂ, ਪਰ ਰੋਜ਼ ਦੀ ਤਰ੍ਹਾਂ ਅੱਜ ਵੀ ਮੇਰੀ ਜ਼ਮੀਰ ਨੇ ਮੇਰੇ ਹੱਥਾਂ ਨੂੰ ਇੰਝ ਕਰਨ ਤੋਂ ਰੋਕ ਲਿਆ ਤੇ ਟਿਕਟ ਵਾਪਸ ਪਰਸ ਵਿੱਚ ਰੱਖ ਲਈ, ਤਾਂ ਕਿ ਕੂੜੇਦਾਨ ਮਿਲਣ ਉੱਤੇ ਉਸ ਵਿੱਚ ਪਾਈ ਜਾ ਸਕੇ। ਮਨ ਕਹਿ ਰਿਹਾ ਸੀ ਕਿ ਇਹਦੇ ਨਾਲ ਕੀ ਫਰਕ ਪੈਣ ਲੱਗਾ, ਕਾਗਜ਼ ਦਾ ਇੱਕ ਛੋਟਾ ਜਿਹਾ ਟੁਕੜਾ ਹੀ ਹੈ ਪਰ ਜ਼ਮੀਰ ਦੀ ਆਵਾਜ਼ ਇਹ ਸੋਚਣ ਲਈ ਮਜਬੂਰ ਕਰ ਗਈ ਕਿ ਆਸ ਪਾਸ ਗੰਦਗੀ ਦੇ ਜੋ ਢੇਰ ਨਜ਼ਰ ਆ ਰਹੇ ਹਨ, ਉਨ੍ਹਾਂ ਦੀ ਇਕਾਈ ਵੀ ਇੱਕ ਛੋਟਾ ਟੁਕੜਾ ਹੀ ਹੈ। ਚਾਹੇ ਕਿੰਨਾ ਵੀ ਛੋਟਾ ਹੈ, ਪਰ ਹੈ ਤਾਂ ਇਹ ਮੇਰੇ ਹਿੱਸੇ ਦਾ ਹੀ ਕੂੜਾ ਕਰਕਟ।

ਕੁਦਰਤ ਦੀ ਕਾਰਜ ਪ੍ਰਣਾਲੀ ਨੂੰ ਜੇ ਗਹਿਰਾਈ ਵਿੱਚ ਦੇਖਿਆ ਪਰਖਿਆ ਜਾਵੇ ਤਾਂ ਪ੍ਰਕਿਰਤੀ ਦੇ ਸ਼ਬਦ ਕੋਸ਼ ਵਿੱਚ ਕੂੜਾ ਨਾਮ ਦੀ ਚੀਜ਼ ਹੀ ਨਹੀਂ। ਜਨ ਜੀਵਾਂ ਦੀ ਭੋਜਨ ਲੜੀ ਦੀ ਬਣਤਰ ਅਜਿਹੀ ਹੈ ਕਿ ਇੱਕ ਕਿਸਮ ਦੇ ਜੀਵ ਜੰਤੂ ਦੀ ਰਹਿੰਦ-ਖੂੰਹਦ ਦੂਜੀ ਕਿਸਮ ਦੇ ਜੀਵ ਜੰਤੂ ਦਾ ਸਵਾਦੀ ਭੋਜਨ ਹੈ। ਜੀਵਾਣੂ, ਮੱਖੀਆਂ, ਗਿਰਝਾਂ, ਬੱਤਖਾਂ, ਗੰਡੋਏ, ਸੂਰ ਆਦਿ ਕੁਝ ਅਜਿਹੇ ਜੀਵ ਹਨ, ਜਿਹੜੇ ਬਨਸਪਤੀ, ਮਨੁੱਖ ਤੇ ਬਾਕੀ ਜੀਵਾਂ ਵੱਲੋਂ ਪੈਦਾ ਕੀਤੀ ਜੈਵਿਕ ਰਹਿੰਦ-ਖੂੰਹਦ ਨੂੰ ਆਪਣਾ ਭੋਜਨ ਬਣਾ ਕੇ ਵਾਤਾਵਰਨ ਦੀ ਸਾਫ਼-ਸਫ਼ਾਈ ਵਿੱਚ ਸਹਾਇਕ ਹੁੰਦੇ ਹਨ। ਇਸ ਪ੍ਰਕਾਰ ਇਹ ਸਾਰੀ ਰਚਨਾ ਬੜੀ ਤਰਤੀਬਵਾਰ ਹੈ। ਕੁਦਰਤ ਕੋਲ ਹਰ ਕੁਦਰਤੀ ਵਰਤਾਰੇ ਵੱਲੋਂ ਪੈਦਾ ਕੀਤੀ ਰਹਿੰਦ-ਖੂੰਹਦ ਨੂੰ ਸਮੇਟਣ ਦਾ ਬਦਲ ਮੌਜੂਦ ਹੈ, ਪਰ ਮਨੁੱਖ ਦੀ ਬੁੱਧੀ ਨੇ ਕੁਝ ਅਜਿਹੀਆਂ ਚੀਜ਼ਾਂ ਖੋਜ ਲਈਆਂ ਹਨ, ਜਿਨ੍ਹਾਂ ਦੇ ਕੂੜੇ ਨੂੰ ਟਿਕਾਣੇ ਲਗਾਉਣਾ ਸਿਰਦਰਦੀ ਬਣਿਆ ਹੋਇਆ ਹੈ। ਇੱਕ ਸਰਵੇਖਣ ਅਨੁਸਾਰ ਦੇਸ਼ ਦੇ ਮੁੱਖ ਸ਼ਹਿਰਾਂ ਤੋਂ ਰੋਜ਼ 16 ਕਰੋੜ ਕਿੱਲੋ ਕੂੜਾ ਪੈਦਾ ਹੁੰਦਾ ਹੈ, ਜਿਸ ਨੂੰ ਟਿਕਾਣੇ ਲਾਉਣਾ ਜਗ੍ਹਾ ਦੀ ਘਾਟ ਕਾਰਨ ਮਿਊਂਸਪਲ ਕਾਰਪੋਰੇਸ਼ਨਾਂ ਲਈ ਵੱਡੀ ਮੁਸਬਤ ਬਣ ਗਿਆ ਹੈ। ਕਈ ਥਾਵਾਂ 'ਤੇ ਕੂੜੇ ਕੇ ਪਹਾੜ ਇੰਨੇ ਉਚੇ ਹੋ ਗਏ ਹਨ, ਇਨ੍ਹਾਂ ਵਿੱਚੋਂ 'ਲੀਚਡ' ਨਾਂ ਦਾ ਕੈਮੀਕਲ ਰਿਸਦਾ ਅਤੇ ਆਸ ਪਾਸ ਦੀ ਜ਼ਮੀਨ ਹੀ ਨਹੀਂ, ਇਨਸਾਨ ਨੂੰ ਵੀ ਬੰਜਰ ਬਣਾ ਰਿਹਾ ਹੈ। ਕੈਂਸਰ ਅਤੇ ਖਤਰਨਾਕ ਕਿਸਮ ਦੇ ਸਾਹ ਅਤੇ ਚਮੜੀ ਦੇ ਰੋਗਾਂ ਦਾ ਕਾਰਨ ਬਣਦਾ ਹੈ। ਮਿਊਂਸਪਲ ਕਾਰਪੋਰੇਸ਼ਨਾਂ ਦੀ ਲਾਪਰਵਾਹੀ ਅਤੇ ਲੋਕਾਂ ਵਿੱਚ ਸਾਫ਼-ਸਫ਼ਾਈ ਪ੍ਰਤੀ ਜਾਗਰੂਕਤਾ ਦੀ ਘਾਟ ਕਾਰਨ ਇਸ ਗੰਭੀਰ ਸਮੱਸਿਆ ਨਾਲ ਨਜਿੱਠਣਾ ਕਾਫ਼ੀ ਔਖਾ ਕੰਮ ਹੈ, ਪਰ ਉਨ੍ਹਾਂ ਬੁੱਧੀਜੀਵੀਆਂ ਤੇ ਸਮਾਜ ਸੇਵਕਾਂ ਨੂੰ ਸਲਾਮ ਕਰਨਾ ਬਣਦਾ ਹੈ, ਜਿਨ੍ਹਾਂ ਨੇ ਇਸ ਖੇਤਰ ਵਿੱਚ ਮਹੱਤਵ ਪੂਰਨ ਸੇਵਾਵਾਂ ਦਿੱਤੀਆਂ ਹਨ।

ਮੁੰਬਈ ਦੇ ਇੱਕ ਵਿਗਿਆਨਕ ਡਾ. ਐਸ ਆਰ ਮਾਲਯ ਨੇ ਸ਼ਹਿਰ ਦੇ ਇੱਕ ਵੱਡ-ਅਕਾਰੀ, ਬਦਬੂਦਾਰ ਗੰਦਗੀ ਦੇ ਪਹਾੜ ਨੂੰ ਜੈਵਿਕ ਤਰੀਕੇ ਨਾਲ ਬਿਨਾਂ ਕਿਸੇ ਕੈਮੀਕਲ ਦੀ ਵਰਤੋਂ ਦੇ ਫੁੱਲਾਂ ਦੇ ਖੂਬਸੂਰਤ ਬਾਗ ਵਿੱਚ ਬਦਲ ਦਿੱਤਾ। ਇਸ ਕੰਮ ਲਈ ਮਸਾਂ 60 ਦਿਨ ਲੱਗੇ। ਡਾਕਟਰ ਦੱਸਦੇ ਹਨ ਕਿ ਹਿੰਦੁਸਤਾਨ ਦੇ ਕੂੜਾ ਨੂੰ ਜੇ ਸੁਚੱਜੇ ਢੰਗ ਨਾਲ ਨਿਪਟਾਇਆ ਜਾਵੇ ਤਾਂ ਇਹ ਸਿਰਦਰਦੀ ਨਾ ਰਹਿ ਕੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਹਿੱਸਾ ਪਾ ਸਕਦਾ ਹੈ। ਅੰਦਾਜ਼ਨ ਦੇਸ਼ ਦੇ ਗਿੱਲੇ ਕੂੜਾ 'ਚੋਂ ਸਾਲਾਨਾ 90 ਲੱਖ ਟਨ ਕੰਪੋਸਟ ਤਿਆਰ ਕੀਤਾ ਜਾ ਸਕਦਾ ਹੈ, ਜਿਸ ਨਾਲ 45 ਲੱਖ ਏਕੜ ਬੰਜਰ ਜ਼ਮੀਨ ਨੂੰ ਉਪਜਾਊ ਬਣਾਇਆ ਜਾ ਸਕਦਾ ਹੈ। ਭਾਬਾ ਆਟੋਮੈਟਿਕ ਸੈਂਟਰ ਦੇ ਵਿਗਿਆਨੀ ਡਾ. ਸ਼ਰਦ ਕਾਲੇ ਅਨੁਸਾਰ ਇਸੇ ਕੂੜੇ 'ਚੋਂ ਜੇ ਬਾਇਓਗੈਸ ਬਣਾਈ ਜਾਵੇ ਤਾਂ ਦੇਸ਼ ਦਾ ਲੱਗਭਗ ਦੋ ਲੱਖ ਐਲ ਪੀ ਜੀ ਸਿਲੰਡਰ ਦਾ ਰੋਜ਼ ਦਾ ਬੋਝ ਘੱਟ ਸਕਦਾ ਹੈ। ਜਿੱਥੇ ਇਹ ਤਰੀਕੇ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਸਰਕਾਰ ਅਤੇ ਮਿਊਂਸੀਪਲ ਕਾਰਪੋਰੇਸ਼ਨ ਦੀ ਹੈ, ਉਥੇ ਕੁਝ ਕੁ ਨੈਤਿਕਤਾ ਇਨਸਾਨ ਹੋਣ ਨਾਤੇ ਸਾਡੀ ਸਾਡੀ ਵੀ ਬਣਦੀ ਹੈ। ਸਾਡੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਰੋਜ਼ ਕੂੜਾ ਸੁੱਟਦੇ ਜਾਣ ਤੇ ਥੋੜ੍ਹੀ-ਥੋੜ੍ਹੀ ਮਿੱਟੀ ਨਾਲ ਢੱਕਦੇ ਰਹਿਣ। ਕੁਝ ਅਰਸੇ ਬਾਅਦ ਉਸ ਭਰ ਚੁੱਕੇ ਟੋਏ ਦੀ ਮਿੱਟੀ ਸਾਡੇ ਲਾਅਨ ਜਾਂ ਗਮਲੇ 'ਚ ਉਗਣ ਵਾਲੇ ਪੌਦਿਆਂ ਲਈ ਵਧੀਆ ਖ਼ਾਦ ਦਾ ਕੰਮ ਦੇ ਸਕਦੀ ਹੈ। ਪੌਲੀਥੀਨ ਦੇ ਲਿਫ਼ਾਫ਼ਿਆਂ ਨੂੰ ਵੱਖ ਰੱਖਣਾ ਚਾਹੀਦਾ ਹੈ। ਜਿੱਥੋਂ ਤੱਕ ਸੰਭਵ ਹੋਵੇ ਡਿਸਪੋਜ਼ੇਬਲ ਬਰਤਨਾਂ ਦੀ ਵਰਤੋਂ ਨਾ ਕੀਤੀ ਜਾਵੇ। ਜੇ ਕਰਨੀ ਪਵੇ ਤਾਂ ਘੱਟੋ-ਘੱਟ ਆਪਣੀ ਜ਼ਿੰਮੇਵਾਰੀ ਨਾਲ ਉਨ੍ਹਾਂ ਨੂੰ ਇਕੱਠੇ ਕਰਕੇ ਸਾਂਭਿਆ ਜਾਵੇ। ਲੰਗਰ ਜਾਂ ਭੰਡਾਰੇ ਦੀ ਸਮਾਪਤੀ ਵੇਲੇ ਡਿਸਪੋਜ਼ੇਬਲ ਬਰਤਨਾਂ ਦਾ ਥਾਂ-ਥਾਂ ਖਿੱਲਰੇ ਪਏ ਹੋਣਾ ਸ਼ੋਭਾ ਨਹੀਂ ਦਿੰਦਾ। ਸਫ਼ਰ ਦੌਰਾਨ ਕਾਗਜ਼ ਜਾਂ ਲਿਫ਼ਾਫ਼ੇ ਚੱਲਦੀ ਬੱਸ ਗੱਡੀ ਵਿੱਚੋਂ ਵਗਾਹ ਮਾਰਨਾ ਸੱਭਿਅਤਾ ਦੀ ਨਿਸ਼ਾਨੀ ਨਹੀਂ। ਕੁਦਰਤ ਵੱਲੋਂ ਪੈਦਾ ਕੀਤਾ ਕੋਈ ਵੀ ਕਚਰਾ ਪਲਾਸਟਿਕ ਜਾਂ ਪੌਲੀਥੀਨ ਦੇ ਢੇਰ ਜਿੰਨਾ ਬਦਸੂਰਤ ਨਹੀਂ ਦਿਸਦਾ। ਕਿਸੇ ਰੁੱਖ ਦੇ ਆਪੇ ਝੜ ਗਏ ਪੱਤਿਆਂ ਦਾ ਢੇਰ ਕਦੀ ਕੋਝਾ ਨਹੀਂ ਲੱਗਦਾ। ਜੰਗਲ ਕਦੀ ਬਦਸੂਰਤ ਨਹੀਂ ਹੁੰਦਾ। ਕੁਦਰਤ ਵੱਲੋਂ ਬਖ਼ਸ਼ੀ ਖੂਬਸੂਰਤ ਸ੍ਰੋਤਾਂ ਤੇ ਦ੍ਰਿਸ਼ਾਂ ਨਾਲ ਲਬਰੇਜ਼ ਧਰਤੀ ਨੂੰ ਪ੍ਰਦੂਸ਼ਿਤ ਕਰਨ ਦਾ ਦੋਸ਼ ਮਨੁੱਖ ਦੇ ਸਿਰ ਹੈ। ਇਸ ਲਈ ਹਰ ਇਨਸਾਨ ਜੇ ਸੁਹਿਰਦਤਾ ਤੋਂ ਕੰਮ ਲੈਂਦੇ ਹੋਏ, ਕੇਵਲ ਸਾਡੇ ਵੱਲੋਂ ਪੈਦਾ ਕੀਤਾ ਗਿਆ, ਆਪਣੇ ਹਿੱਸੇ ਦਾ ਕੂੜਾ ਕਰਕਟ ਹੀ ਸਾਂਭ ਲਵੇ ਤਾਂ ਗੰਦਗੀ ਦੇ ਢੇਰ ਪੈਦਾ ਹੋਣ ਦੀ ਨੌਬਤ ਹੀ ਨਾ ਆਵੇ।

## ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਜਿੰਦ ਪੀਰ ਸੱਖਰ



ਸੱਖਰ ਸਿੰਧ ਪ੍ਰਾਂਤ ਦਾ ਪ੍ਰਸਿੱਧ ਨਗਰ ਹੈ। ਇਹ ਸ਼ਹਿਰ ਲਾਹੌਰ ਕਰਾਚੀ ਮੇਨ ਲਾਈਨ ਉੱਤੇ ਹੈ, ਇਸ ਦੇ ਰੇਲਵੇ ਸਟੇਸ਼ਨ ਨੂੰ ਰੋਹੜੀ ਆਖਿਆ ਜਾਂਦਾ ਹੈ। ਰੋਹੜੀ ਅਤੇ ਸੱਖਰ ਨੂੰ ਮਿਲਾਉਣ ਵਾਲਾ ਸਿੰਧ ਦਰਿਆ ਦਾ ਪੁਲ ਪਾਰ ਕਰਦਿਆਂ ਸੱਜੇ ਹੱਥ ਇਕ ਸੜਕ ਥੱਲੇ ਉਤਰਦੀ ਹੈ। ਇਹ ਸੜਕ ਦਰਿਆ ਅਤੇ ਪੁਲ ਦੇ ਨਾਲ ਨਾਲ ਘੁੰਮਦੀ ਹੋਈ ਗੁਰਦੁਆਰਾ ਜਿੰਦ ਪੀਰ ਤੇ ਅੱਪੜ ਜਾਂਦੀ ਹੈ। ਇਹ ਇੱਕ ਬਹੁਤ ਹੀ ਸੁੰਦਰ ਗੁਰਦੁਆਰਾ ਹੈ। ਇਥੇ ਗੁਰੂ ਨਾਨਕ ਦੇਵ ਜੀ ਆਪਣੀ ਤੀਸਰੀ ਉਦਾਸੀ ਸਮੇਂ ਬਿਰਾਜੇ ਸਨ। ਇੱਥੋਂ ਉੱਠ ਕੇ ਹੀ ਆਪ ਸਿੰਧ ਦਰਿਆ ਦੇ ਟਾਪੂ ਅੰਦਰ ਸਾਧੂਆਂ ਦੇ ਬੇਲੇ ਪੁੱਜੇ। ਝੂਲੇ ਲਾਲ ਨਾਮੀ ਉਦਾਸੀ ਸਾਧੂ ਇੱਥੋਂ ਦਾ ਪਹਿਲਾ ਪੁਜਾਰੀ ਸੀ। ਇਸ ਵੇਲੇ ਇਹ ਅਸਥਾਨ ਨਾਨਕ ਪੰਥੀ ਹਿੰਦੂਆਂ ਪਾਸ ਹੈ। ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਹੁੰਦਾ ਹੈ ਤੇ ਮੂਰਤੀਆਂ ਦੀ ਪੂਜੀਆਂ ਜਾਦੀਆਂ ਹਨ। ਗੁਰੂ ਸਾਹਿਬ ਦੀ ਜਗਾਈ ਇੱਕ ਜੋਤ ਹਰ ਵੇਲੇ ਜਗਦੀ ਰਹਿੰਦੀ ਹੈ ਜਿਹਨੂੰ ਸ਼ਰਧਾਲੂ ਮੱਥਾ ਟੇਕਦੇ ਹਨ।

# ਕਿੱਥੋਂ ਨਿਕਲ ਆਉਂਦਾ ਹੈ ਟਿੱਡੀ ਦਲ?

-ਬਲਰਾਜ ਸਿੰਧੂ ਐਸ ਪੀ

ਭਾਰਤ ਵਿੱਚ ਕੁਝ ਸਾਲਾਂ ਬਾਅਦ ਟਿੱਡੀ ਦਾ ਛੋਟਾ-ਵੱਡਾ ਹਮਲਾ ਹੋ ਜਾਂਦਾ ਹੈ। ਪੰਜਾਬ ਦੀ ਕਿਸਮਤ ਚੰਗੀ ਹੈ ਕਿ ਇਹ ਬਹੁਤੀ ਵਾਰ ਰਾਜਸਥਾਨ ਤੇ ਗੁਜਰਾਤ ਤੱਕ ਸੀਮਤ ਰਹਿੰਦਾ ਹੈ। ਇਸ ਵਾਰ ਪੰਜਾਬ ਦੇ ਥੋੜ੍ਹੇ ਜਿਹੇ ਹਿੱਸੇ ਵਿੱਚ ਇਸ ਦਾ ਅਸਰ ਦੇਖਣ ਨੂੰ ਮਿਲਿਆ ਹੈ। ਟਿੱਡੀ ਦਲ ਸਾਧਾਰਨ ਹਰੇ ਟਿੱਡੇ ਦੀ ਨਸਲ ਨਾਲ ਸਬੰਧ ਰੱਖਦਾ ਹੈ ਪਰ ਆਕਾਰ ਵਿੱਚ ਉਸ ਤੋਂ ਕਈ ਗੁਣਾ ਵੱਡਾ ਹੁੰਦਾ ਹੈ। ਇਹ ਟਿੱਡੇ ਆਮ ਤੌਰ 'ਤੇ ਏਕਾਕੀ ਜੀਵਨ ਗੁਜ਼ਾਰਦੇ ਹਨ ਪਰ ਹਰੇਕ 10-12 ਸਾਲਾਂ ਬਾਅਦ ਅਨੁਕੂਲ ਮੌਸਮ ਕਾਰਨ ਸਰੀਰ ਅੰਦਰ ਹੋਣ ਵਾਲੇ ਹਾਰਮੋਨ ਬਦਲਾਅ ਦੀ ਵਜ੍ਹਾ ਨਾਲ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਨਵੀਂਆਂ ਚਰਾਗਾਹਾਂ ਵੱਲ ਪਰਵਾਸ ਸ਼ੁਰੂ ਕਰ ਦਿੰਦੇ ਹਨ।

ਆਮ ਹਾਲਤਾਂ ਵਿੱਚ ਇਨ੍ਹਾਂ ਟਿੱਡਿਆਂ ਦੀ ਗਿਣਤੀ ਇੰਨੀ ਨਹੀਂ ਹੁੰਦੀ ਕਿ ਇਹ ਫ਼ਸਲਾਂ ਜਾਂ ਰੁੱਖਾਂ ਨੂੰ ਕੋਈ ਗੰਭੀਰ ਨੁਕਸਾਨ ਪਹੁੰਚਾ ਸਕਣ ਪਰ ਮਨ ਮਾਫਕ ਮੌਸਮੀ ਹਾਲਾਤ ਇਨ੍ਹਾਂ ਦੇ ਵਿਹਾਰ ਵਿੱਚ ਹੈਰਾਨੀ ਜਨਕ ਤਬਦੀਲੀ ਆਉਂਦੀ ਹੈ। ਕਈ ਸਾਲਾਂ ਦੇ ਸਖ਼ਤ ਸੋਕੇ ਤੋਂ ਬਾਅਦ ਭਾਰੀ ਬਾਰਿਸ਼ ਨਾਲ ਜਦੋਂ ਇੱਕ ਦਮ ਹਰਿਆਲੀ ਤੇ ਨਮੀ ਪੈਦਾ ਹੁੰਦੀ ਹੈ ਤਾਂ ਇਨ੍ਹਾਂ ਦੇ ਦਿਮਾਗ ਵਿਚਲਾ ਸੈਰੋਟੋਨਿਨ ਨਾਮਕ ਕੈਮੀਕਲ ਅਜਿਹੀ ਉਤੇਜਨਾ ਪੈਦਾ ਕਰਦਾ ਹੈ ਕਿ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਧੜਾਧੜ ਬੱਚੇ ਪੈਦਾ ਕਰਨੇ ਸ਼ੁਰੂ ਕਰ ਦਿੰਦੇ ਹਨ। ਪੈਦਾਇਸ਼ ਵਾਲੀ ਜਗ੍ਹਾ ਹਰਿਆਲੀ ਖ਼ਤਮ ਹੁੰਦੇ ਸਾਰ ਨਵੀਂਆਂ ਥਾਵਾਂ ਨੂੰ ਉਡਾਰੀ ਮਾਰਦੇ ਹਨ ਅਤੇ ਹਮੇਸ਼ਾ ਆਪਣੇ ਵੱਡਿਆਂ ਵਾਲਾ ਰਸਤਾ ਅਪਣਾਉਂਦੇ ਹਨ। ਟਿੱਡੀ ਦਲ ਅੰਟ-ਾਰਕਟਿਕਾ, ਯੂ ਐਸ ਏ ਅਤੇ ਕੈਨੇਡਾ ਨੂੰ ਛੱਡ ਕੇ ਬਾਕੀ ਸਾਰੇ ਸੰਸਾਰ ਵਿੱਚ ਪਾਇਆ ਜਾਂਦਾ ਹੈ। ਟਿੱਡੀ ਦਲ ਬਹੁਤ ਲੰਬੀ ਉਡਾਣ ਭਰਨ ਦੇ ਸਮਰੱਥ ਹੁੰਦਾ ਹੈ ਤੇ ਰਸਤੇ ਵਿੱਚ ਆਉਣ ਵਾਲੀਆਂ ਸਾਰੀਆਂ ਫ਼ਸਲਾਂ ਅਤੇ ਦਰਖ਼ਤਾਂ ਦਾ ਸਫ਼ਾਇਆ ਕਰਦਾ ਜਾਂਦਾ ਹੈ। ਸਭ ਤੋਂ ਵੱਧ ਨੁਕਸਾਨ ਉਸ ਜਗ੍ਹਾ ਦਾ ਹੁੰਦਾ ਹੈ ਜਿੱਥੇ ਇਹ ਰਾਤ ਵਿਸ਼ਰਾਮ ਲਈ ਰੁਕਦਾ ਹੈ। ਰਾਤੋ-ਰਾਤ ਲੱਖਾਂ ਆਂਡੇ ਦੇ ਦਿੱਤੇ ਜਾਂਦੇ ਹਨ ਜਿਨ੍ਹਾਂ ਵਿੱਚੋਂ ਕੁਝ ਦਿਨਾਂ ਵਿੱਚ ਬੱਚੇ ਪੈਦਾ ਹੋ ਕੇ ਉਡਣ ਦੇ ਕਾਬਲ ਹੋਣ ਤੱਕ ਫ਼ਸਲਾਂ ਚੱਟ ਕਰਦੇ ਰਹਿੰਦੇ ਹਨ। ਇੰਜ ਇਹ ਰਹੀ-ਸਹੀ ਹਰਿਆਲੀ ਵੀ ਨਸ਼ਟ ਕਰ ਦਿੰਦੇ ਹਨ। ਟਿੱਡੀ ਦਲ ਦੇ ਝੁੰਡ ਦੇ ਪਰਵਾਸ ਦਾ ਸਭ ਤੋਂ ਵੱਡਾ ਕਾਰਨ ਇੱਕ ਜਗ੍ਹਾ 'ਤੇ ਆਬਾਦੀ ਦਾ ਬੇਹੱਦ ਵੱਧ ਜਾਣਾ ਹੁੰਦਾ ਹੈ।

ਸੈਰੋਟੋਨਿਨ ਵਧਣ ਕਾਰਨ ਇਨ੍ਹਾਂ ਦਾ ਰੰਗ ਭੂਰੇ ਤੋਂ ਹਰਾ ਹੋ ਜਾਂਦਾ ਹੈ। ਕਾਮ ਇੱਛਾ ਅਤੇ ਭੁੱਖ ਬੇਹੱਦ ਤੇਜ਼ ਹੋ ਜਾਂਦੀ ਹੈ ਅਤੇ ਨਰ ਮਾਦਾਵਾਂ ਨੂੰ ਆਕਰਸ਼ਿਤ ਕਰਨ ਲਈ ਆਪਣੀਆਂ ਪਿਛਲੀਆਂ ਲੱਤਾਂ ਰਗੜ ਕੇ ਇੱਕ ਉਤੇਜਕ ਆਵਾਜ਼ ਪੈਦਾ ਕਰਦੇ ਹਨ। ਉਨ੍ਹਾਂ ਦੇ ਮੇਲ-ਮਿਲਾਪ ਨਾਲ ਅਣਗਿਣਤ ਆਂਡੇ ਪੈਦਾ ਹੁੰਦੇ ਹਨ। ਟਿੱਡੀ ਦਲ ਦੇ ਵੱਡੇ ਝੁੰਡਾਂ ਵਿੱਚ ਅਰਬਾਂ ਟਿੱਡੇ ਸ਼ਾਮਲ ਹੁੰਦੇ ਹਨ ਜੋ ਹਜ਼ਾਰਾਂ ਕਿਲੋਮੀਟਰਾਂ ਤੱਕ ਫੈਲ ਜਾਂਦੇ ਹਨ। ਇਨ੍ਹਾਂ ਦੀ ਗਿਣਤੀ ਪ੍ਰਤੀ ਵਰਗ ਕਿਲੋਮੀਟਰ ਅੱਠ ਕਰੋੜ ਤੱਕ ਹੋ ਸਕਦੀ ਹੈ। ਐਨੇ ਵੱਡੇ ਝੁੰਡ ਨੂੰ ਯੂਰਪ ਵਿੱਚ ਪਲੇਗ ਕਿਹਾ ਜਾਂਦਾ ਸੀ। ਰੋਜ਼ਾਨਾ ਇਹ ਗਿਣਤੀ ਵੱਧਦੀ ਜਾਂਦੀ ਹੈ ਤੇ ਇੱਕ ਝੁੰਡ ਤੋਂ ਕਈ ਝੁੰਡ ਬਣ ਜਾਂਦੇ ਹਨ।

ਦੋ ਦਿਨਾਂ ਵਿੱਚ ਆਂਡੇ ਤੋਂ ਨਿਕਲਣ ਵਾਲਾ ਸੁੰਡਾ ਇੱਕ ਹਫ਼ਤੇ ਵਿੱਚ ਜਵਾਨ ਹੋ ਕੇ ਬੱਚੇ ਪੈਦਾ ਕਰਨ ਦੇ ਕਾਬਲ ਹੋ ਜਾਂਦਾ ਹੈ। ਟਿੱਡੀ ਦਲ ਸੂਰਜ ਦੇ ਹਿਸਾਬ ਨਾਲ ਸਫ਼ਰ ਜਾਰੀ ਰੱਖਦਾ ਹੈ ਅਤੇ ਦਿਨ ਵਿੱਚ 10-15 ਕਿਲੋਮੀਟਰ ਦਾ ਫਾਸਲਾ ਤੈਅ ਕਰ ਲੈਂਦਾ ਹੈ। ਹਰ ਝੁੰਡ ਇੱਕ ਮਿਥੇ ਸਮੇਂ ਬਾਅਦ ਭੋਜਨ ਖਾਣ ਲਈ ਰੁਕਦਾ ਹੈ। ਇੱਕ ਝੁੰਡ ਵੱਲੋਂ ਦਿੱਤੇ ਆਂਡਿਆਂ ਦੇ ਟਿੱਡੇ ਜਵਾਨ ਹੋ ਕੇ ਅਗਲੇ ਝੁੰਡ ਵਿੱਚ ਸ਼ਾਮਲ ਹੋ ਜਾਂਦੇ ਹਨ। ਇਸ ਤਰ੍ਹਾਂ ਪੁਰਾਣੇ ਟਿੱਡਿਆਂ ਦੇ ਮਰਨ ਦੇ ਬਾਵਜੂਦ ਨਵੇਂ ਟਿੱਡਿਆਂ ਦੇ ਸ਼ਾਮਲ ਹੋਣ ਕਾਰਨ ਝੁੰਡਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਟਿੱਡੀ ਦਲ ਉਡਣ ਤੋਂ ਵੱਧ ਸਮਾਂ ਧਰਤੀ ਉਪਰ ਪੌਦੇ ਖਾਣ ਅਤੇ ਮਦੀਨਾਂ ਨਾਲ ਮੇਲ ਕਰਨ ਵਿੱਚ ਗੁਜ਼ਾਰਦੇ ਹਨ। ਝੁੰਡ ਉਦੋਂ ਹੀ ਅੱਗੇ ਵੱਧਦਾ ਹੈ ਜਦੋਂ ਇੱਕ ਜਗ੍ਹਾ ਵਨਸਪਤੀ ਪੂਰੀ ਖ਼ਤਮ ਹੋ ਜਾਂਦੀ ਹੈ। ਟਿੱਡੀ ਦਲ ਬਾਰੇ ਦਿਲਚਸਪ ਗੱਲ ਹੈ ਕਿ ਇਸ ਨੂੰ



ਅਫਰੀਕਾ, ਮੱਧ ਪੂਰਬ ਅਤੇ ਏਸ਼ੀਆ ਦੇ ਅਨੇਕਾਂ ਦੇਸ਼ਾਂ ਵਿੱਚ ਬਹੁਤ ਕੀਮਤੀ ਖੁਰਾਕੀ ਪਦਾਰਥ ਮੰਨਿਆ ਜਾਂਦਾ ਤੇ ਕ੍ਰਾਮ ਉਤੇਜਕ ਦਵਾਈ ਵਜੋਂ ਖਾਂਧਾ ਜਾਂਦਾ ਹੈ। ਸਾਉਦੀ ਅਰਬ ਵਿੱਚ ਰਮਜ਼ਾਨ ਦੇ ਸਮੇਂ ਇਸ ਦੀ ਥੁੜ੍ਹ ਹੋ ਜਾਂਦੀ ਹੈ। ਯਮਨ ਦੇ ਲੋਕਾਂ ਨੂੰ ਟਿੱਡੀ ਦਲ ਖਾਣਾ ਇੰਨਾ ਪਸੰਦ ਹੈ ਕਿ ਉਨ੍ਹਾਂ ਦੇ ਵਿਰੋਧ ਕਾਰਨ ਸਰਕਾਰ ਨੂੰ ਟਿੱਡੀ ਦਲ ਨੂੰ ਮਾਰਨਾ ਬੰਦ ਕਰਨਾ ਪਿਆ ਸੀ। 19ਵੀਂ ਸਦੀ ਦੇ ਕਈ ਯੂਰਪੀਅਨ ਯਾਤਰੀਆਂ ਨੇ ਵਰਣਨ ਕੀਤਾ ਹੈ ਕਿ ਅਰਬ, ਮਿਸਰ, ਮਰਾਕੋ ਅਤੇ ਜਾਰਡਨ ਦੇ ਬਾਜ਼ਾਰਾਂ ਵਿੱਚ ਟਿੱਡੀ ਦਲ ਆਮ ਹੀ ਵਿਕਦਾ ਹੈ। ਟਿੱਡੀ ਦਲ ਵਿੱਚ ਜਾਨਵਰਾਂ ਦੇ ਮਾਸ ਤੋਂ ਪੰਜ ਗੁਣਾ ਵੱਧ ਪ੍ਰੋਟੀਨ, ਪੋਟਾਸ਼ੀਅਮ, ਸੋਡੀਅਮ, ਫਾਸਫੋਰਸ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਅਤੇ ਜ਼ਿੰਕ ਹੁੰਦਾ ਹੈ। ਭਾਰਤ ਵਿੱਚ ਟਿੱਡੀ ਦਲ ਦਾ ਹਮਲਾ ਹਜ਼ਾਰਾਂ ਸਾਲਾਂ ਤੋਂ ਹੋ ਰਿਹਾ ਹੈ ਪਰ ਇਸ ਸਾਲ ਹੋਇਆ ਰਾਜਸਥਾਨ ਅਤੇ ਗੁਜਰਾਤ ਦਾ ਹਮਲਾ ਪਿਛਲੇ 30 ਸਾਲਾਂ ਵਿੱਚ ਸਭ ਤੋਂ ਵੱਡਾ ਹੈ। ਇਹ 1993 ਵਿੱਚ ਹੋਏ ਹਮਲੇ ਤੋਂ ਵੀ ਕਈ ਗੁਣਾ ਵੱਧ ਨੁਕਸਾਨ ਕਰ ਚੁੱਕਾ ਹੈ ਅਤੇ ਚਾਰ ਲੱਖ ਹੈਕਟੇਅਰ ਫ਼ਸਲ ਤਬਾਹ ਹੋ ਚੁੱਕੀ ਹੈ। ਗੁਜਰਾਤ ਦੇ ਕੱਛ, ਪਟਨ, ਬਾਂਸਕੰਠਾ ਅਤੇ ਰਾਜਸਥਾਨ ਦੇ ਜੈਸਲਮੇਰ, ਬਾਰਮੇੜ, ਬੀਕਾਨੇਰ, ਜਲੌਰ, ਸ੍ਰੀ ਗੰਗਾਨਗਰ, ਹਨੂੰਮਾਨਗੜ੍ਹ ਅਤੇ ਚੁਰੂ ਜ਼ਿਲ੍ਹੇ ਜ਼ਿਆਦਾ ਪ੍ਰਭਾਵਿਤ ਹੋਏ ਹਨ। ਪਹਿਲਾਂ ਹੀ ਸੋਕੇ ਨਾਲ ਜੂਝ ਰਹੇ ਕਿਸਾਨਾਂ ਦਾ ਇਸ ਹਮਲੇ ਨੇ ਲੱਕ ਤੋੜ ਦਿੱਤਾ ਹੈ। ਹਾਲੇ ਸਰਦੀਆਂ ਹਨ ਤੇ ਟਿੱਡੀ ਦਲ ਦਾ ਬਰੀਡਿੰਗ ਮੌਸਮ ਗਰਮੀਆਂ ਆਉਣਾ ਹੈ ਜਿਸ ਕਾਰਨ ਹਾਲਤ ਹੋਰ ਵੀ ਖ਼ਰਾਬ ਹੋ ਸਕਦੇ ਹਨ। ਭਾਰਤ ਦੇ ਗੁਜਰਾਤ ਅਤੇ ਰਾਜਸਥਾਨ, ਪਾਕਿਸਤਾਨ ਦੇ ਬਲੋਚਿਸਤਾਨ ਤੇ ਸਿੰਧ ਅਤੇ ਈਰਾਨ ਦਾ ਬਹੁਤਾ ਇਲਾਕਾ ਰੇਗਿਸਤਾਨੀ ਹੋਣ ਕਾਰਨ ਵਧਣ-ਫੁੱਲਣ ਲਈ ਟਿੱਡੀ ਦਲ ਨੂੰ ਮਾਕੂਲ ਮਾਹੌਲ ਪ੍ਰਦਾਨ ਕਰਦਾ ਹੈ।

ਹਰ ਵਾਰ ਹਮਲਾ ਇਨ੍ਹਾਂ ਇਲਾਕਿਆਂ ਤੋਂ ਸ਼ੁਰੂ ਹੁੰਦਾ ਹੈ ਤੇ ਗੁਆਂਢੀ ਦੇਸ਼ਾਂ ਤੱਕ ਫੈਲ ਜਾਂਦਾ ਹੈ। ਜਿੰਨਾ ਚਿਰ ਭਾਰਤ, ਪਾਕਿਸਤਾਨ ਅਤੇ ਈਰਾਨ ਮਿਲ ਕੇ ਇਸਦੇ ਖ਼ਾਤਮੇ ਲਈ ਹੰਭਲਾ ਨਹੀਂ ਮਾਰਦੇ, ਜਿਸ ਦੀ ਅਜੋਕੇ ਦੁਸ਼ਮਣੀ ਭਰੇ ਮਾਹੌਲ ਵਿੱਚ ਉਮੀਦ ਘੱਟ ਹੈ, ਇਹ ਮੁਸਬਤ ਖ਼ਤਮ ਨਹੀਂ ਹੋ ਸਕਦੀ। ਸਰਕਾਰਾਂ ਦੀਆਂ ਆਪਸੀ ਦੁਸ਼ਮਣੀਆਂ ਖਮਿਆਜ਼ਾ ਗ਼ਰੀਬ ਜਨਤਾ ਨੂੰ ਭੁਗਤਣਾ ਪੈਂਦਾ ਹੈ। ਟਿੱਡੀ ਦਲ ਇਨਸਾਨ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਧਰਤੀ 'ਤੇ ਮੌਜੂਦ ਸੀ ਅਤੇ ਇਨਸਾਨੀ ਸੱਭਿਅਤਾ ਖ਼ਤਮ ਹੋਣ ਤੋਂ ਬਾਅਦ ਵੀ ਰਹੇਗਾ। ਮਿਸਰ ਦੇ ਪਿਰਾਮਿਡਾਂ ਵਿੱਚ (5500 ਸਾਲ ਪਹਿਲਾਂ) ਇਨ੍ਹਾਂ ਟਿੱਡਿਆਂ ਦੀਆਂ ਤਸਵੀਰਾਂ ਉੱਕਰੀਆ ਹੋਈਆਂ ਹਨ ਅਤੇ ਇਨ੍ਹਾਂ ਦਾ ਵਰਣਨ ਪ੍ਰਾਚੀਨ ਯੂਨਾਨੀ ਗ੍ਰੰਥ ਇਲੀਅਡ ਅਤੇ ਬਾਈਬਲ ਵਿੱਚ ਵੀ ਮਿਲਦਾ ਹੈ। ਚੀਨ ਵਿੱਚ ਅੱਜ ਤੋਂ 3000 ਸਾਲ ਪਹਿਲਾਂ ਇੱਕ ਟਿੱਡੀ ਦਲ ਕੰਟਰੋਲ ਮੰਤਰੀ ਨਿਯੁਕਤ ਕੀਤਾ ਜਾਂਦਾ ਸੀ। ਟਿੱਡੀ ਦਲ ਇਨਸਾਨੀ ਇਤਿਹਾਸ ਦੇ ਕਈ ਸੋਕਿਆਂ ਅਤੇ ਭੁੱਖਮਰੀਆਂ ਲਈ ਜ਼ਿੰਮੇਵਾਰ ਰਿਹਾ ਹੈ। ਸੰਨ 911 ਈਸਵੀ ਵਿੱਚ ਚੀਨ ਦੇ ਇੱਕ ਸੂਬੇ ਵਿੱਚ ਟਿੱਡੀ ਦਲ ਦੇ ਹਮਲੇ ਦੇ ਸਿੱਟੇ ਵਜੋਂ ਪਏ ਸੋਕੇ ਅਤੇ ਭੁੱਖਮਰੀ ਕਾਰਨ 98 ਆਬਾਦੀ ਖ਼ਤਮ ਹੋ ਗਈ ਸੀ। ਸੰਨ 1966 ਤੋਂ 1969 ਤੱਕ ਅਫ਼ਰੀਕਾ, ਅਰਬ ਅਤੇ ਏਸ਼ੀਆ ਦੇ ਦੇਸ਼ਾਂ ਵਿੱਚ ਲਗਾਤਾਰ ਤਿੰਨ ਸਾਲ ਕਹਿਰ ਢਾਹੁਣ ਵਾਲੇ ਟਿੱਡੀ ਦਲ ਦੇ ਝੁੰਡ ਦੀ ਗਿਣਤੀ 30 ਅਰਬ ਤੱਕ ਪਹੁੰਚ ਗਈ ਸੀ। ਇਸ ਨੇ ਇੱਕ ਲੱਖ ਵਰਗ ਕਿਲੋਮੀਟਰ ਇਲਾਕਾ ਨਸ਼ਟ ਕਰ ਦਿੱਤਾ ਸੀ। ਸੰਨ 2003-04 ਵਿੱਚ ਇਸ ਵੱਲੋਂ ਸੂਡਾਨ, ਮਰਾਕੋ, ਅਲਜ਼ੀਰੀਆ ਅਤੇ ਇਜ਼ਰਾਈਲ ਵਿੱਚ ਹਮਲੇ ਕਾਰਨ 3000 ਕਰੋੜ ਰੁਪਏ ਤੋਂ ਵੱਧ ਦੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ। ਵੀਂਹਵੀਂ ਸਦੀ ਵਿੱਚ ਖੇਤੀਬਾੜੀ ਦੇ ਤਰੀਕਿਆਂ ਵਿੱਚ ਬਦਲਾਅ ਤੇ ਬਿਹਤਰ ਕੀਟਨਾਸ਼ਕਾਂ ਕਾਰਨ ਇਹ ਕਾਫ਼ੀ ਹੱਦ ਤੱਕ ਕਾਬੂ ਹੇਠ ਆ ਗਿਆ ਹੈ ਪਰ ਅਫ਼ਰੀਕਾ ਅਤੇ ਭਾਰਤ-ਪਾਕਿਸਤਾਨ ਵਰਗੇ ਪੱਛੜੇ ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਵਾਲੇ ਦੇਸ਼ਾਂ ਵਿੱਚ ਇਸ ਦੇ ਹਮਲੇ ਲਗਾਤਾਰ ਜਾਰੀ ਹਨ।

ਟਿੱਡੀ ਦਲ ਦਾ ਖ਼ਾਤਮਾ ਸਿਰਫ਼ ਮੁੱਢਲੇ ਪੜਾਅ 'ਤੇ ਇਸ ਦੇ ਆਂਡੇ ਅਤੇ ਲਾਰਵਾ ਖ਼ਤਮ ਕਰਕੇ ਕੀਤਾ ਜਾ ਸਕਦਾ ਹੈ। ਜਦੋਂ ਇਹ ਉਡਣ ਲੱਗ ਪਏ ਤਾਂ ਇਸ ਨੂੰ ਨਸ਼ਟ ਕਰਨਾ ਲਗਭਗ ਅਸੰਭਵ ਹੋ ਜਾਂਦਾ ਹੈ। ਇਸ ਦੇ ਖ਼ਾਤਮੇ ਲਈ ਕੁਝ ਸਾਲ ਪਹਿਲਾਂ ਅਮਰੀਕੀ ਵਿਗਿਆਨੀਆਂ ਨੇ ਰਵਾਇਤੀ ਕੀਟਨਾਸ਼ਕਾਂ ਦੀ ਥਾਂ ਬਹੁਤ ਹੀ ਕਾਮਯਾਬ ਆਰਗੈਨਿਕ ਵਾਇਰਸ (ਮੈਟਾਰੀਜ਼ੀਮ ਅਕਰੀਡਮ ਉਲੀ) ਦੀ ਖੋਜ ਕੀਤੀ ਹੈ ਜੋ ਟਿੱਡੀ ਦਲ 'ਤੇ ਸਪਰੇਅ ਕਰਨ ਨਾਲ ਟਿੱਡਿਆਂ ਦੇ ਸਰੀਰਾਂ ਨਾਲ ਚਿਪਕ ਜਾਂਦੀ ਹੈ। ਇਹ ਆਪਸੀ ਸਪਰਸ਼ ਨਾਲ ਇੱਕ ਤੋਂ ਦੂਸਰੇ ਤੱਕ ਪਹੁੰਚ ਜਾਂਦੀ ਹੈ ਅਤੇ ਕੁਝ ਹੀ ਦਿਨਾਂ ਵਿੱਚ ਪੂਰੇ ਝੁੰਡ ਨੂੰ ਖ਼ਤਮ ਕਰ ਦਿੰਦੀ ਹੈ। ਸੰਨ 2009 ਵਿੱਚ ਇਸ ਦੀ ਵਰਤੋਂ ਸਦਕਾ ਤਨਜ਼ਾਨੀਆ ਦੇ ਇੱਕੈਟਾਵੀ ਜੰਗਲ ਵਿੱਚ ਕਰੋੜਾਂ ਦੀ ਗਿਣਤੀ ਵਾਲੇ ਟਿੱਡੀ ਦਲ ਦੇ ਇੱਕ ਵੱਡੇ ਝੁੰਡ ਨੂੰ ਕੁਝ ਹੀ ਦਿਨਾਂ 'ਚ ਖ਼ਤਮ ਕਰ ਦਿੱਤਾ ਗਿਆ ਸੀ।

# ਸੜਕ ਹਾਦਸਿਆਂ ਵਿੱਚ ਪੀੜਤਾਂ ਨੂੰ ਮੁਆਵਜ਼ੇ

-ਵਿਮਲ ਵਧਾਵਨ-

ਸੜਕ ਹਾਦਸੇ ਦਾ ਨਾਂਅ ਸੁਣਦਿਆਂ ਸਾਰ ਬੰਦਾ ਗੰਭੀਰ ਹੋ ਜਾਂਦਾ ਹੈ। ਉਹ ਵੀ ਭਾਰਤ ਵਰਗੇ ਦੇਸ਼ ਵਿੱਚ, ਜਿਹੜਾ ਵਿਸ਼ਵ ਦੇ ਲਗਭਗ 200 ਦੇਸ਼ਾਂ ਵਿੱਚ ਕਰਵਾਏ ਗਏ ਸਰਵੇ ਅਨੁਸਾਰ ਸੜਕ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ ਦੀ ਦੌੜ ਵਿੱਚ ਪਹਿਲੇ ਸਥਾਨ 'ਤੇ ਹੈ। ਭਾਰਤ ਵਿੱਚ ਪ੍ਰਤੀ ਸਾਲ ਲਗਭਗ ਪੰਜ ਲੱਖ ਸੜਕ ਹਾਦਸੇ ਹੁੰਦੇ ਹਨ, ਜਿਨ੍ਹਾਂ ਵਿੱਚ ਇੱਕ ਲੱਖ ਪੰਜਾਹ ਹਜ਼ਾਰ ਨਾਗਰਿਕ ਮਾਰੇ ਜਾਂਦੇ ਹਨ। ਇਸ ਤੋਂ ਇਲਾਵਾ ਲਗਭਗ ਪੰਜ ਲੱਖ ਵਿਅਕਤੀ ਹਰ ਸਾਲ ਗੰਭੀਰ ਰੂਪ ਨਾਲ ਸਰੀਰਕ ਸੱਟਾਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਅੰਕੜਿਆਂ ਨੂੰ ਹੋਰ ਸੂਖਮ ਰੂਪ ਨਾਲ ਸੋਚਿਆ ਜਾਵੇ ਤਾਂ ਹਰ 10 ਮਿੰਟਾਂ ਵਿੱਚ ਲਗਭਗ ਤਿੰਨ ਭਾਰਤਵਾਸੀ ਸੜਕ ਹਾਦਸਿਆਂ ਵਿੱਚ ਆਪਣਾ ਜੀਵਨ ਗੁਆ ਚੁੱਕੇ ਹੁੰਦੇ ਹਨ ਤੇ ਹਰ 10 ਮਿੰਟਾਂ ਵਿੱਚ ਲਗਭਗ 10 ਵਿਅਕਤੀ ਹਸਪਤਾਲ ਵਿੱਚ ਦਾਖਲ ਕਰਵਾਏ ਜਾਂਦੇ ਹਨ। ਭਾਰਤ ਦੀਆਂ ਸੜਕਾਂ 'ਤੇ ਵਾਹਨਾਂ ਹੀ ਨਹੀਂ, ਮੌਤਾਂ ਦੀ ਦੌੜ ਚੱਲ ਰਹੀ ਹੁੰਦੀ ਹੈ। ਕੌਣ, ਕਦੋਂ ਇਸ ਦਾ ਸ਼ਿਕਾਰ ਹੋ ਜਾਵੇ, ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ।

ਭਾਰਤ ਦੀ ਕੇਂਦਰ ਸਰਕਾਰ ਮੋਟਰ ਵਾਹਨ ਐਕਟ ਵਿੱਚ ਭਾਰੀ ਸੋਧਾਂ ਜ਼ਰੀਏ ਟਰੈਫਿਕ ਨਿਯਮਾਂ ਵਿੱਚ ਜੁਰਮਾਨੇ ਦੀ ਰਾਸ਼ੀ ਵਧਾ ਕੇ ਇਸ ਕੋਸ਼ਿਸ਼ ਵਿੱਚ ਜੁਟੀ ਹੈ ਕਿ ਕਿਸੇ ਤਰ੍ਹਾਂ ਵਾਹਨ ਹਾਦਸਿਆਂ ਵਿੱਚ ਕਮੀ ਲਿਆਂਦੀ ਜਾਵੇ। ਮੋਟਰ ਵਾਹਨ ਕਾਨੂੰਨ ਹਾਦਸਿਆਂ ਦੇ ਸ਼ਿਕਾਰ ਲੋਕਾਂ ਨੂੰ ਮੁਆਵਜ਼ੇ ਦਾ ਦਾਅਵਾ ਕਰਨ ਦੀ ਪੂਰੀ ਵਿਵਸਥਾ ਕਰਵਾਉਂਦਾ ਹੈ। ਭਾਰਤ ਦੀਆਂ ਅਦਾਲਤਾਂ ਵਿੱਚ ਮੋਟਰ ਹਾਦਸਾ ਮੁਆਵਜ਼ਾ ਟ੍ਰਿਬਿਊਨਲ ਹਰ ਜ਼ਿਲ੍ਹਾ ਪੱਧਰ 'ਤੇ ਬਣਾਏ ਗਏ ਹਨ। ਇਨ੍ਹਾਂ ਅਦਾਲਤਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਤੇਜ਼ ਰਫਤਾਰ ਨਾਲ ਮੁਆਵਜ਼ਾ ਪਟੀਸ਼ਨਾਂ 'ਤੇ ਆਦੇਸ਼ ਜਾਰੀ ਕਰਨ, ਪਰ ਇਹ ਅਦਾਲਤਾਂ ਵੀ ਆਮ ਦੀਵਾਨੀ ਅਦਾਲਤਾਂ ਵੱਲੋਂ ਹਰ ਪਟੀਸ਼ਨ ਨੂੰ ਨਿਪਟਾਉਣ ਵਿੱਚ ਕਈ ਸਾਲ ਲਾਉਂਦੀਆਂ ਹਨ। ਹਾਦਸਾ ਪੀੜਤਾਂ ਨੂੰ ਮੁਆਵਜ਼ੇ ਨਾਲ ਸੰਬੰਧਤ ਧਾਰਾਵਾਂ ਦਾ ਗਿਆਨ ਵੀ ਨਹੀਂ ਹੁੰਦਾ।

ਸੜਕ 'ਤੇ ਕਿਤੇ ਵੀ ਹਾਦਸਾ ਹੋਣ ਉਤੇ ਜਿੱਥੇ ਇੱਕ ਪਾਸੇ ਪੀੜਤਾਂ ਨੂੰ ਤੁਰੰਤ ਹਸਪਤਾਲ ਪਹੁੰਚਾਉਣ ਦੀ ਵਿਵਸਥਾ ਕੀਤੀ ਜਾਂਦੀ ਹੈ, ਉਥੇ ਹਾਦਸੇ ਵਾਲੀ ਥਾਂ ਖੜ੍ਹੇ ਹੋਰ ਵਿਅਕਤੀਆਂ ਦੀ ਇਹ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਹਾਦਸੇ ਤੋਂ ਤੁਰੰਤ ਬਾਅਦ ਦੁਰਘਟਨਾ ਗ੍ਰਸਤ ਵਾਹਨਾਂ ਤੇ ਉਸ ਸਥਾਨ ਦੀਆਂ ਸਪੱਸ਼ਟ ਤਸਵੀਰਾਂ ਮੋਬਾਈਲ ਫੋਨ ਰਾਹੀਂ ਰਿਕਾਰਡ ਕਰਨ। ਹਾਦਸੇ ਵਾਲੀ ਥਾਂ ਦੀ ਛੋਟੀ ਜਿਹੀ ਵੀਡੀਓ ਬਣਾਈ ਜਾਣੀ ਚਾਹੀਦੀ ਹੈ ਅਤੇ ਪੁਲਸ ਦੇ ਆਉਣ 'ਤੇ ਵੀਡੀਓ ਅਤੇ ਫੋਟੋਆਂ ਪੁਲਸ ਨੂੰ ਸੌਂਪੀਆਂ ਜਾਣ ਅਤੇ ਦੁਰਘਟਨਾ ਪੀੜਤ ਵਿਅਕਤੀ ਦੇ ਪਰਵਾਰ ਨੂੰ ਦਿੱਤੀਆਂ ਜਾਣ। ਹਰ ਸੜਕ ਹਾਦਸੇ ਪਿੱਛੋਂ ਪੁਲਸ ਵੱਲੋਂ ਦੋਸ਼ੀ ਡਰਾਈਵਰ ਦਾ ਲਾਇਸੈਂਸ, ਵਾਹਨ ਦਾ ਰਜਿਸਟਰੇਸ਼ਨ ਸਰਟੀਫਿਕੇਟ ਤੇ ਬੀਮਾ ਸਰਟੀਫਿਕੇਟ ਦੀਆਂ ਕਾਪੀਆਂ ਲੈ ਕੇ ਡਰਾਈਵਰ ਦੇ ਵਿਰੁੱਧ ਅਪਰਾਧਕ ਕੇਸ ਦਰਜ ਕੀਤਾ ਜਾਂਦਾ ਹੈ। ਪੀੜਤ ਵਿਅਕਤੀ ਦੇ ਪਰਵਾਰ ਨੂੰ ਮੁਆਵਜ਼ੇ ਦੀ ਅਪੀਲ ਨਿੱਜੀ ਤੌਰ 'ਤੇ ਮੁਆਵਜ਼ਾ ਟ੍ਰਿਬਿਊਨਲ 'ਚ ਪੇਸ਼ ਕਰਨੀ ਚਾਹੀਦੀ ਹੈ। ਹਾਦਸੇ ਵਿੱਚ ਦੋਸ਼ ਕਿਸੇ ਦਾ ਵੀ ਹੋਵੇ, ਹਰ ਮੌਤ ਲਈ 50 ਹਜ਼ਾਰ ਰੁਪਏ ਦਾ ਮੁਆਵਜ਼ਾ ਅਪੀਲ ਪੇਸ਼ ਕਰਨ ਤੋਂ ਤੁਰੰਤ ਬਾਅਦ ਮਿਲਣ ਦੀ ਵਿਵਸਥਾ ਹੈ। ਗੰਭੀਰ ਅਤੇ ਸਥਾਈ ਸਰੀਰਕ ਨੁਕਸਾਨ ਲਈ ਇਸੇ ਤਰ੍ਹਾਂ 25 ਹਜ਼ਾਰ ਰੁਪਏ ਦਾ ਮੁਆਵਜ਼ਾ ਮਿਲਦਾ ਹੈ।

ਹਾਦਸੇ ਦਾ ਕਾਰਨ ਬਣਨ ਵਾਲੇ ਦੋਸ਼ੀ ਡਰਾਈਵਰ ਦਾ ਦੋਸ਼ ਸਿੱਧ ਹੋਣ 'ਤੇ



ਅਦਾਲਤ ਪੀੜਤ ਬੰਦੇ ਦੀ ਆਮਦਨ, ਉਮਰ, ਪਰਵਾਰ ਦੇ ਮੈਂਬਰਾਂ ਦੀ ਗਿਣਤੀ, ਵਿਆਹੁਤਾ ਪੱਧਰ, ਸਿਖਿਆ ਤੇ ਪਰਵਾਰ ਨੂੰ ਹੋਏ ਆਰਥਿਕ ਨੁਕਸਾਨ ਨੂੰ ਦੇਖ ਕੇ ਭਾਰੀ ਮੁਆਵਜ਼ਾ ਰਾਸ਼ੀ ਤੈਅ ਕਰਦੀ ਹੈ। ਹਾਦਸੇ ਨਾਲ ਸੰਬੰਧਤ ਮੁਆਵਜ਼ੇ ਦਾ ਭੁਗਤਾਨ ਵਾਹਨ ਦੀ ਬੀਮਾ ਕੰਪਨੀ ਵੱਲੋਂ ਕੀਤਾ ਜਾਂਦਾ ਹੈ। ਇਸ ਲਈ ਮੋਟਰ ਵਾਹਨ ਕਾਨੂੰਨ ਦੇ ਅਧੀਨ ਹਰ ਵਾਹਨ ਦਾ ਥਰਡ ਪਾਰਟੀ ਬੀਮਾ ਜ਼ਰੂਰੀ ਕੀਤਾ ਗਿਆ ਹੈ। ਆਮ ਚੈਕਿੰਗ ਦੌਰਾਨ ਕਿਸੇ ਵਾਹਨ ਦਾ ਬੀਮਾ ਨਾ ਹੋਣ 'ਤੇ ਟਰੈਫਿਕ ਪੁਲਸ ਦੀ ਜ਼ਿੰਮੇਵਾਰੀ ਹੈ ਕਿ ਅਜਿਹੇ ਮਾਲਕ ਦਾ ਸਿਰਫ ਚਲਾਨ ਹੀ ਨਾ ਕਰੇ, ਉਸ ਨੂੰ ਬੀਮਾ ਕਰਵਾਉਣ ਦਾ ਪਾਬੰਦ ਵੀ ਕਰੇ, ਜਿਸ ਨਾਲ ਬੇਕਸੂਰ ਪੀੜਤਾਂ ਨੂੰ ਮੁਆਵਜ਼ਾ ਮਿਲਣ ਵਿੱਚ ਅੜਿੱਕਾ ਨਾ ਪਵੇ। ਵਾਹਨ ਦਾ ਬੀਮਾ ਨਾ ਹੋਵੇ ਅਤੇ ਉਹ ਹਾਦਸਾ ਗ੍ਰਸਤ ਹੋ ਜਾਵੇ ਤਾਂ ਅਜਿਹੇ ਮੁਆਵਜ਼ੇ ਦੀ ਰਕਮ ਵਾਹਨ ਮਾਲਕ ਨੂੰ ਦੇਣੀ ਚਾਹੀਦੀ ਹੈ। ਅਜਿਹੇ ਲੋਕਾਂ ਤੋਂ ਮੁਆਵਜ਼ਾ ਰਕਮ ਵਸੂਲਣ ਲਈ ਅਦਾਲਤਾਂ ਕੋਲ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦਾ ਅਧਿਕਾਰ ਹੁੰਦਾ ਹੈ। ਦੂਜੇ ਪਾਸੇ ਜੇ ਹਾਦਸੇ ਵਿੱਚ ਪੀੜਤ ਵਿਅਕਤੀ ਦਾ ਦੋਸ਼ ਵੀ ਹਾਦਸੇ ਦਾ ਕਾਰਨ ਹੁੰਦਾ ਹੈ ਤਾਂ ਅਦਾਲਤ ਉਸ ਨੂੰ ਦੋਸ਼ ਦਾ ਅਨੁਪਾਤ ਤੈਅ ਕਰਨ ਪਿੱਛੋਂ ਕੁੱਲ ਮੁਆਵਜ਼ਾ ਰਕਮ ਨੂੰ ਵੀ ਉਸੇ ਅਨੁਪਾਤ ਵਿੱਚ ਘੱਟ ਕਰ ਦਿੰਦੀ ਹੈ। ਜੇ ਦੋਸ਼ੀ ਡਰਾਈਵਰ ਖੁਦ ਵੀ ਹਾਦਸੇ ਵਿੱਚ ਨੁਕਸਾਨਿਆ ਜਾਵੇ ਤਾਂ ਉਹ ਡਰਾਈਵਰ ਵਾਹਨ ਮਾਲਕ ਦਾ ਨੌਕਰ ਹੋਣ ਕਾਰਨ ਕਰਮਚਾਰੀ ਮੁਆਵਜ਼ੇ ਕਾਨੂੰਨ ਦੇ ਤਹਿਤ ਮਾਲਕ ਤੋਂ ਮੁਆਵਜ਼ਾ ਲੈ ਸਕਦਾ ਹੈ।

ਮੁਆਵਜ਼ੇ ਦਾ ਕੇਸ ਪੀੜਤ ਵਿਅਕਤੀ ਆਪਣੀ ਜ਼ਿਲਾ ਅਦਾਲਤ 'ਚ ਕਰ ਸਕਦਾ ਹੈ, ਜਿਸ ਤੋਂ ਉਸ ਨੂੰ ਮੁਕ-ੱਦਮੇ ਦੇ ਸੰਬੰਧ ਵਿੱਚ ਕਿਤੇ ਦੂਰ ਹੋਈ ਦੁਰਘਟਨਾ ਵਾਲੀ ਥਾਂ ਨਾ ਜਾਣਾ ਪਵੇ। ਅਜਿਹੇ ਕੇਸ ਕਰਨ ਲਈ ਅਕਸਰ ਸਥਾਨਕ ਵਕੀਲ ਬਿਨਾਂ ਮੁੱਢਲੀ ਫੀਸ ਦੇ ਮਿਲ ਜਾਂਦੇ ਹਨ ਅਤੇ ਭੁਗਤਾਨ ਦੀ ਰਕਮ ਮਿਲਣ ਤੋਂ ਬਾਅਦ ਆਮ ਤੌਰ ਉਤੇ 10 ਫੀਸਦੀ ਜਾਂ ਉਸ ਤੋਂ ਘੱਟ ਫੀਸ ਮੁਆਵਜ਼ਾ ਰਾਸ਼ੀ 'ਚੋਂ ਲੈ ਲੈਂਦੇ ਹਨ। ਅਜਿਹੇ ਮੁਕੱਦਮੇ ਵਿੱਚ ਪੇਸ਼ ਕਰਨ ਲਈ ਕੋਈ ਸਮਾਂ ਹੱਦ ਨਹੀਂ, ਪਰ ਪੀੜਤਾਂ ਨੂੰ ਚਾਹੀਦਾ ਹੈ ਕਿ ਉਹ ਜਿੰਨਾ ਜਲਦੀ ਹੋ ਸਕੇ, ਕੇਸ ਅਦਾਲਤ 'ਚ ਪੇਸ਼ ਕਰਨ।

ਭਾਰਤ 'ਚ ਕੁੱਲ ਹਾਦਸਿਆਂ 'ਚੋਂ ਲਗਭਗ ਤੀਹ ਫੀਸਦੀ ਅਜਿਹੇ ਹਾਦਸੇ ਹੁੰਦੇ ਹਨ, ਜਿਨ੍ਹਾਂ ਵਿੱਚ ਦੋਸ਼ੀ ਵਾਹਨ ਨੂੰ ਲੈ ਕੇ ਭੱਜ ਜਾਂਦਾ ਹੈ ਤੇ ਵਾਹਨ ਦਾ ਨੰਬਰ ਵੀ ਕਿਸੇ ਗਵਾਹ ਵੱਲੋਂ ਨੋਟ ਨਹੀਂ ਕੀਤਾ ਜਾਂਦਾ। ਅਜਿਹੇ ਕੇਸਾਂ ਨੂੰ 'ਹਿੱਟ ਐਂਡ ਰਨ' ਸ਼੍ਰੇਣੀ ਵਿੱਚ ਮੰਨਿਆ ਜਾਂਦਾ ਹੈ ਅਤੇ ਅਜਿਹੇ ਹਾਦਸਾ ਪੀੜਤਾਂ ਨੂੰ ਮੌਤ ਦੇ ਕੇਸ ਵਿੱਚ ਦੋ ਲੱਖ ਰੁਪਏ ਅਤੇ ਗੰਭੀਰ ਸਰੀਰਕ ਨੁਕਸਾਨ ਹੋਣ 'ਤੇ ਪੰਜਾਹ ਹਜ਼ਾਰ ਰੁਪਏ ਦੀ ਰਕਮ ਮਿਲਦੀ ਹੈ। ਮੋਟਰ ਹਾਦਸਿਆਂ ਦਾ ਮੁਆਵਜ਼ਾ ਇੱਕ ਕਿਸਮ ਦਾ ਸਮਾਜ ਭਲਾਈ ਦਾ ਕਾਨੂੰਨ ਹੈ। ਅਦਾਲਤਾਂ ਨੇ ਇਸ ਕਾਨੂੰਨ ਦੀ ਵਿਆਖਿਆ ਵਿੱਚ ਹਮੇਸ਼ਾ ਉਦਾਰਤਾ ਨਾਲ ਹੀ ਫੈਸਲੇ ਦਿੱਤੇ ਹਨ। ਰੇਲ ਹਾਦਸਿਆਂ ਵਿੱਚ ਮਰਨ ਵਾਲੇ ਵਿਅਕਤੀਆਂ ਨੂੰ ਇਕਮੁਸ਼ਤ ਚਾਰ ਲੱਖ ਰੁਪਏ ਦੀ ਰਕਮ ਦਿੱਤੀ ਜਾਂਦੀ ਹੈ, ਜਦ ਕਿ ਮੋਟਰ ਹਾਦਸਿਆਂ ਵਿੱਚ ਮੁਆਵਜ਼ਾ ਰਕਮ ਪੀੜਤ ਵਿਅਕਤੀ ਦ ਅਵਸਥਾ 'ਤੇ ਨਿਰਭਰ ਕਰਦੀ ਹੈ।




# ਗੁਰਦੁਆਰਾ ਗਿਆਨ ਗੋਦੜੀ ਕੇਸ ਦੇ ਹੱਲ ਲਈ ਕਮੇਟੀ ਬਣੇਗੀ



ਬਹਾਦਰਗੜ੍ਹ, 29 ਜਨਵਰੀ (ਪੋਸਟ ਬਿਊਰੋ)- ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ (ਬਹਾਦਰਗੜ੍ਹ) ਪਟਿਆਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਧਰਮ ਪ੍ਰਚਾਰ ਸੰਮਤੀ ਹਰਿਦੁਆਰ ਦੇ ਮੈਂਬਰਾਂ ਦੇ ਇਕ ਵਫ਼ਦ ਨੇ ਗੁਰਦੁਆਰਾ ਗਿਆਨ ਗੋਦੜੀ ਕੇਸ ਬਾਰੇ ਅੱਜ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਵਫ਼ਦ ਦੇ ਮੈਂਬਰਾਂ ਨੇ ਗੁਰਦੁਆਰਾ ਗਿਆਨ ਗੋਦੜੀ ਹਰਿ ਕੀ ਪੌੜੀ ਦੇ ਮੂਲ ਅਸਥਾਨ ਦੀ ਪ੍ਰਾਪਤੀ ਬਾਰੇ ਮੰਗ ਪੱਤਰ ਦੇ ਕੇ ਇਸ ਦੇ ਹੱਲ ਲਈ ਸ੍ਰੀ ਅਕਾਲ ਤਖ਼ਤ ਦੇ ਦਖਲ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੂਲ ਅਸਥਾਨ ਦੇ ਲਈ ਉੱਰਾਖੰਡ ਦੇ ਸਿੱਖਾਂ ਦੀ ਮੰਗ ਪ੍ਰਵਾਨ ਕੀਤੀ ਜਾਵੇ।

ਇਸ ਮੌਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਕਮੇਟੀ ਗਠਿਤ ਕਰ ਕੇ ਵਫ਼ਦ ਨੂੰ ਗੁਰਦੁਆਰਾ ਗਿਆਨ ਗੋਦੜੀ ਹਰਿ ਕਿ ਪੌੜੀ ਦੇ ਮੂਲ ਅਸਥਾਨ ਹਰਿਦੁਆਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਮੇਟੀ ਦੀ ਰਿਪੋਰਟ ਮਗਰੋਂ ਉੱਤਰਾਖੰਡ ਸਰਕਾਰ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਿਆ ਜਾਵੇਗਾ। ਅੱਜ ਮਿਲੇ ਇਸ ਵਫ਼ਦ ਵਿੱਚ ਕਮੇਟੀ ਦੇ ਪ੍ਰਧਾਨ ਸਤਪਾਲ ਸਿੰਘ ਚੌਹਾਨ, ਬਾਬਾ ਪੰਡਤ ਜੀ, ਉਪ ਪ੍ਰਧਾਨ ਅਨੂਪ ਸਿੰਘ ਸਿੱਧੂ, ਸਰਦਾਰਾ ਸਿੰਘ, ਅਵਤਾਰ ਸਿੰਘ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਵਿਧਾਨ ਸਭਾ ਚੋਣਾਂ ਹਾਰਨ ਪਿੱਛੋਂ ਚੁਣੌਤੀ ਮਿਲੀ ਤਾਂ ਸੁਖਬੀਰ ਭੁੱਬਾਂ ਮਾਰ ਕੇ ਰੋਇਆ ਸੀ: ਬ੍ਰਹਮਪੁਰਾ



ਜਲੰਧਰ, 29 ਜਨਵਰੀ (ਪੋਸਟ ਬਿਊਰੋ)- ਟਕਸਾਲੀ ਅਕਾਲੀ ਦਲ ਦੇ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਮਿਲੀ ਹਾਰ ਤੋਂ ਬਾਅਦ ਅਕਾਲੀ ਦਲ ਦੀ ਪਹਿਲੀ ਮੀਟਿੰਗ 'ਚ ਜਦੋਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਚੁਣੌਤੀ ਪੇਸ਼ ਹੋਈ ਤੇ ਅਸਤੀਫਾ ਮੰਗਿਆ ਗਿਆ ਤਾਂ ਉਹ ਬਾਦਲ ਭੁੱਬਾਂ ਮਾਰ ਰੋਇਆ ਸੀ।

ਕੱਲ੍ਹ ਟਕਸਾਲੀ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਦੇ ਬਾਅਦ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਉਹ ਪਾਰਟੀ ਵਿੱਚ ਰਹਿ ਕੇ ਗਲਤ ਨੀਤੀਆਂ ਦਾ ਹਮੇਸ਼ਾ ਵਿਰੋਧ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਮਗਰੋਂ ਦੀ ਮੀਟਿੰਗ ਵਿੱਚ ਜਦੋਂ ਉਨ੍ਹਾਂ ਨੇ ਇਸ ਹਾਰ ਲਈ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਹੋਰ ਲੋਕਾਂ ਦੀ ਲੁੱਟ ਖਸੁੱਟ ਨੂੰ ਜ਼ਿੰਮੇਵਾਰ ਦੱਸਿਆ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ (ਬ੍ਰਹਮਪੁਰਾ) ਤੋਂ ਇਸ ਦਾ ਹੱਲ ਪੁੱਛਿਆ ਸੀ। ਇਸ ਉਤੇ ਉਨ੍ਹਾਂ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨਗੀ ਅਹੁਦੇ ਤੋਂ ਅਸਤੀਫੇ ਦੀ ਮੰਗ ਕੀਤੀ ਤੇ ਸੁਖਦੇਵ ਸਿੰਘ ਢੀਂਡਸਾ ਸੇਖਵਾਂ ਸਮੇਤ ਕਈ ਅਕਾਲੀ ਆਗੂਆਂ ਨੇ ਇਸ ਦੀ ਹਮਾਇਤ ਕੀਤੀ ਸੀ। ਟਕਸਾਲੀ ਅਕਾਲੀ ਦਲ ਦੀ ਕੋਰ ਕਮੇਟੀ ਪਿੱਛੋਂ ਅੱਜ ਰਣਜੀਤ ਸਿੰਘ ਬ੍ਰਹਮਪੁਰਾ, ਡਾ ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ, ਬੀਰ ਦਵਿੰਦਰ ਸਿੰਘ, ਬੱਬੀ ਬਾਦਲ ਅਤੇ ਮਨਮੋਹਨ ਸਿੰਘ ਸਠਿਆਲਾ ਨੇ ਕਿਹਾ ਕਿ ਸਾਲ 2022 ਦੀਆਂ ਚੋਣਾਂ 'ਚ ਕਾਂਗਰਸ ਤੇ ਅਕਾਲੀ-ਭਾਜਪਾ ਮੁਕਤ ਸਰਕਾਰ ਬਣਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਵਿੱਚ ਤੀਜਾ ਬਦਲ ਤਕੜਾ ਹੋਵੇ, ਜਿਸ ਦੇ ਲਈ ਉਨ੍ਹਾਂ ਨੇ ਹਮ ਖਿਆਲੀ ਪਾਰਟੀਆਂ ਨੂੰ ਇੱਕ ਮੰਚ ਉੱਤੇ ਇੱਕ ਆਗੂ ਦੀ ਅਗਵਾਈ ਵਿੱਚ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੋ ਫਰਵਰੀ ਪਿੱਛੋਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਵੀ ਇੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਮੀਟਿੰਗ ਕਰ ਕੇ ਰਣਨੀਤੀ ਬਣਾਉਣਗੇ। ਨਵਜੋਤ ਸਿੰਘ ਸਿੱਧੂ ਦੇ ਉਨ੍ਹਾਂ ਨਾਲ ਜੁੜਨ ਦੇ ਸਵਾਲ ਉੱਤੇ ਉਨ੍ਹਾਂ ਕਿਹਾ ਕਿ ਸਿੱਧੂ ਅਜੋਕੇ ਸਮੇਂ ਵਿੱਚ ਪੰਜਾਬੀਆਂ ਦੇ ਸਭ ਤੋਂ ਹਰਮਨ ਪਿਆਰੇ ਆਗੂ ਹਨ ਤੇ ਜਿਸ ਪਾਰਟੀ ਵਿੱਚ ਉਹ ਜਾਣਗੇ, ਉਹ ਚੋਣਾਂ ਜਿੱਤੇਗੀ, ਇਹ ਰਾਜਨੀਤਕ ਅੰਦਾਜ਼ਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਦੀ ਭੂਮਿਕਾ ਬਾਰੇ ਉਹ ਨਿੱਜੀ ਤੌਰ 'ਤੇ ਕੋਈ ਰਾਏ ਨਹੀਂ ਦੇ ਸਕਦੇ।

# ਕ੍ਰੈਡਿਟ ਕਾਰਡ ਨਾਲ ਆਨਲਾਈਨ ਠੱਗੀਆਂ ਮਾਰਦਾ ਗੈਂਗ ਕਾਬੂ

## * ਐਕਸਿਸ ਬੈਂਕ ਦੇ ਦੋ ਮੁਲਾਜ਼ਮ ਵੀ ਗ੍ਰਿਫ਼ਤਾਰ



*ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ।*

ਪਟਿਆਲਾ, 29 ਜਨਵਰੀ (ਪੋਸਟ ਬਿਊਰੋ)- ਕ੍ਰੈਡਿਟ ਕਾਰਡ ਨਾਲ ਆਨਲਾਈਨ ਠੱਗੀਆਂ ਮਾਰਨ ਵਾਲੇ ਐਕਸਿਸ ਬੈਂਕ ਦੇ ਦੋ ਮੁਲਾਜ਼ਮਾਂ ਨੂੰ ਪੁਲਿਸ ਦੇ ਸਾਈਬਰ ਸੈੱਲ ਨੇ ਕਾਬੂ ਕਰ ਕੇ ਠੱਗੀਆਂ ਦਾ ਪਰਦਾ ਫ਼ਾਸ਼ ਕੀਤਾ ਹੈ।

ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਐਕਸਿਸ ਬੈਂਕ ਦੇ ਸੇਲਜ਼ ਅਫ਼ਸਰ ਅਤੇ ਐਕਸਿਸ ਬੈਂਕ ਦੇ ਹੀ ਇਕ ਸਾਬਕਾ ਮੁਲਾਜ਼ਮ ਤੋਂ ਪੁਲਿਸ ਨੇ 49 ਮੋਬਾਈਲ ਸਿੰਮ ਕਾਰਡ, 7 ਮੋਬਾਈਲ, ਕਰੀਬ ਸਾਢੇ 4 ਲੱਖ ਰੁਪਏ ਦਾ ਸੋਨਾ, 40 ਹਜ਼ਾਰ ਰੁਪਏ ਨਗਦੀ, ਇਕ ਸਕਾਰਪੀਓ ਗੱਡੀ ਬਰਾਮਦ ਕੀਤੀ ਹੈ। ਇਸ ਦੇ ਨਾਲ ਇਕ ਜਣੇ ਦੇ ਬੈਂਕ ਖਾਤੇ ਵਿੱਚ ਪਈ 3 ਲੱਖ ਰੁਪਏ ਦੀ ਰਕਮ ਫ਼ਰੀਜ਼ ਕਰਾਈ ਹੈ। ਆਨਲਾਈਨ ਠੱਗੀ ਮਾਰਨ ਵਾਲੇ ਗਿਰੋਹ ਦੇ ਮੁਖੀ ਦੀ ਪਛਾਣ ਵਿਕਾਸ ਸਰਪਾਲ ਉਰਫ਼ ਗੋਪੀ ਲੁਧਿਆਣਾ ਵਜੋਂ ਹੋਈ ਹੈ, ਜੋ 12ਵੀਂ ਪਾਸ ਹੈ ਤੇ ਉਸ ਦਾ ਸਾਥੀ ਰਵੀ ਕੁਮਾਰ ਵਾਸੀ ਲੁਧਿਆਣਾ 5ਵੀਂ ਪਾਸ ਹੈ। ਇਹ ਬੈਂਕ ਦੇ ਉਨ੍ਹਾਂ ਗਾਹਕਾਂ ਨੂੰ ਫਸਾਉਂਦੇ ਸਨ, ਜਿਨ੍ਹਾਂ ਦੇ ਬੈਂਕ ਡਾਟਾ ਵਿੱਚ ਈਮੇਲ ਆਈ ਡੀ ਦਰਜ ਨਹੀਂ ਸੀ ਹੁੰਦੀ ਤੇ ਉਹ ਉਨ੍ਹਾਂ ਦੇ ਕ੍ਰੈਡਿਟ ਕਾਰਡ ਰਾਹੀਂ ਫਲਿੱਪਕਾਰਟ ਤੋਂ ਸੋਨਾ, ਮੋਬਾਈਲ ਫ਼ੋਨ ਆਦਿ ਖਰੀਦ ਕੇ ਅੱਗੇ ਵੇਚਦੇ ਸਨ। ਇਨ੍ਹਾਂ ਵਿਚੋਂ ਇਕ ਨੇ ਇਸੇ ਤਰ੍ਹਾਂ ਕਮਾਈ ਰਕਮ ਨਾਲ ਆਪਣੀ ਭੈਣ ਦਾ ਵਿਆਹ ਕੀਤਾ ਤੇ ਸਕਾਰਪੀਓ ਗੱਡੀ ਖਰੀਦੀ ਸੀ। ਐੱਸ ਐੱਸ ਪੀ ਸਿੱਧੂ ਨੇ ਕਿਹਾ ਕਿ ਜਾਂਚ ਵਿੱਚ ਪਤਾ ਲੱਗਾ ਕਿ ਬੈਂਗਲੁਰੂ ਤੋਂ ਆਨਲਾਈਨ ਸੋਨੇ ਤੇ ਹੋਰ ਵਸਤਾਂ ਦੀ ਫਲਿਪਕਾਰਟ ਰਾਹੀਂ ਖਰੀਦ ਕਰ ਕੇ ਕ੍ਰੈਡਿਟ ਕਾਰਡ ਖਾਤਾ ਧਾਰਕਾਂ ਨਾਲ ਠੱਗੀ ਹੋ ਰਹੀ ਸੀ, ਪਰ ਇਹ ਸਾਰਾ ਸਾਮਾਨ ਲੁਧਿਆਣਾ ਦੇ ਵੱਖ-ਵੱਖ ਫ਼ਰਜ਼ੀ ਪਤਿਆਂ ਉੱਤੇ ਡਲਿਵਰ ਹੁੰਦਾ ਸੀ। ਐਕਸਿਸ ਬੈਂਕ ਦੀ ਲੁਧਿਆਣਾ ਬ੍ਰਾਂਚ ਦਾ ਸੇਲਜ਼ ਅਫ਼ਸਰ ਵਿਕਾਸ ਸਰਪਾਲ ਉਰਫ਼ ਗੋਪੀ ਕ੍ਰੈਡਿਟ ਕਾਰਡ ਬਣਾਉਣ ਦਾ ਕੰਮ ਕਰਦਾ ਸੀ, ਉਸ ਨੇ ਆਪਣੇ ਨਾਲ ਬੈਂਕ ਦੇ ਚਪੜਾਸੀ ਦਾ ਕੰਮ ਕਰ ਚੁੱਕੇ ਰਵੀ ਨੂੰ ਮਿਲਾ ਲਿਆ ਅਤੇ ਉਹ ਐਕਸਿਸ ਬੈਂਕ ਦੇ ਖਾਤਾ ਧਾਰਕਾਂ ਦੇ ਕ੍ਰੈਡਿਟ ਕਾਰਡਾਂ ਦੀ ਡਿਟੇਲ, ਕਾਰਡ ਨੰਬਰ, ਸੀ ਵੀ ਵੀ ਅਤੇ ਐਕਸਪਾਇਰੀ ਤਰੀਕ ਆਦਿ ਬੈਂਕ ਵਿੱਚੋਂ ਲੈ ਕੇ ਉਨ੍ਹਾਂ ਨੂੰ ਸ਼ਿਕਾਰ ਬਣਾਉਂਦਾ ਸੀ, ਜਿਨ੍ਹਾਂ ਦੇ ਖਾਤੇ ਵਿੱਚ ਈਮੇਲ ਨਹੀਂ ਸੀ ਹੁੰਦੀ ਤੇ ਉਨ੍ਹਾਂ ਦੇ ਫ਼ਰਜ਼ੀ ਆਧਾਰ ਉੱਤੇ ਮੋਬਾਈਲ ਸਿੰਮਾਂ ਰਾਹੀਂ ਈਮੇਲ ਬਣਾ ਕੇ ਇਸ ਉੱਤੇ ਓ ਟੀ ਪੀ ਹਾਸਲ ਕਰ ਕੇ ਆਨਲਾਈਨ ਫਲਿਪਕਾਰਟ ਕੰਪਨੀ ਤੋਂ ਮਹਿੰਗੀਆਂ ਚੀਜ਼ਾਂ ਮੰਗਵਾ ਲੈਂਦੇ ਤੇ ਇਹ ਸਾਮਾਨ ਮਾਰਕੀਟ ਵਿਚ ਵੇਚ ਦਿੰਦੇ ਸਨ। ਕਿਉਂਕਿ ਇਸ ਸਾਮਾਨ ਦਾ ਬਿੱਲ ਵੀ ਨਾਲ ਹੁੰਦਾ ਸੀ, ਜਿਸ ਕਰ ਕੇ ਇਹ ਸਾਮਾਨ ਵੇਚਣ ਵਿਚ ਕੋਈ ਦਿੱਕਤ ਨਹੀਂ ਆਉਂਦੀ ਸੀ।

# ਬਹਿਬਲ ਕਲਾਂ ਗੋਲੀ ਕਾਂਡ ਦੀ ਪੰਜਾਬ ਤੋਂ ਬਾਹਰ ਸੁਣਵਾਈ 28 ਤੱਕ ਮੁਲਤਵੀ



ਫਰੀਦਕੋਟ, 29 ਜਨਵਰੀ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਦੇ ਮੁੱਖ ਦੋਸ਼ੀ ਅਤੇ ਮੋਗਾ ਦੇ ਸਾਬਕਾ ਐੱਸ ਐੱਸ ਪੀ ਚਰਨਜੀਤ ਸਿੰਘ ਸ਼ਰਮਾ ਨੇ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਅਰਜ਼ੀ ਦੇ ਕੇ ਕੇਸ ਦੀ ਸੁਣਵਾਈ ਸੂਬੇ ਤੋਂ ਬਾਹਰ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਅਰਜ਼ੀ 'ਤੇ ਕੱਲ੍ਹ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸਾਂਗਵਾਨ ਦੀ ਅਦਾਲਤ ਵਿੱਚ ਸੁਣਵਾਈ ਪਿੱਛੋਂ ਅਦਾਲਤ ਨੇ ਅਰਜ਼ੀ 'ਤੇ ਅਗਲੀ ਤਰੀਕ 28 ਫਰਵਰੀ ਤੈਅ ਕੀਤੀ ਹੈ। ਵਰਨਣ ਯੋਗ ਹੈ ਕਿ ਬਹਿਬਲ ਗੋਲੀ ਕਾਂਡ ਵੇਲੇ ਪੁਲਸ ਫਾਇਰਿੰਗ ਨਾਲ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਉਸ ਸਮੇਂ ਪੁਲਸ ਨੇ ਥਾਣਾ ਬਾਜਾਖਾਨਾ ਵਿੱਚ ਅਣਪਛਾਤੀ ਪੁਲਸ ਪਾਰਟੀ ਉੱਤੇ ਹੱਤਿਆ ਦਾ ਕੇਸ ਦਰਜ ਕੀਤਾ ਸੀ, ਜਿਸ ਵਿੱਚ ਪਿਛਲੇਰੇ ਸਾਲ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਚਾਰ ਪੁਲਸ ਅਫਸਰਾਂ ਨੂੰ ਨਾਮਜ਼ਦ ਕੀਤਾ ਗਿਆ ਅਤੇ ਕੇਸ ਦੀ ਜਾਂਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਦੇ ਦਿੱਤੀ ਗਈ। ਐੱਸ ਆਈ ਟੀ ਨੇ ਜਾਂਚ ਦੇ ਬਾਅਦ ਉਸ ਕੇਸ ਵਿੱਚ ਸਾਬਕਾ ਐੱਸ ਐੱਸ ਪੀ ਚਰਨਜੀਤ ਸਿੰਘ ਸ਼ਰਮਾ ਨੂੰ ਗ੍ਰਿਫਤਾਰ ਕਰ ਲਿਆ ਤੇ ਉਨ੍ਹਾਂ ਦੇ ਖਿਲਾਫ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ। ਬਾਕੀ ਤਿੰਨਾਂ ਪੁਲਸ ਅਧਿਕਾਰੀਆਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਅੰਤ੍ਰਿਮ ਜ਼ਮਾਨਤ ਮਿਲੀ ਹੋਈ ਹੈ। ਇਸ ਕੇਸ ਦਾ ਜ਼ਿਲਾ ਅਦਾਲਤ ਵਿੱਚ ਸੁਣਵਾਈ ਹੋ ਰਹੀ ਹੈ, ਜਿਸ ਦੌਰਾਨ ਸਾਬਕਾ ਐੱਸ ਐੱਸ ਪੀ ਚਰਨਜੀਤ ਸਿੰਘ ਸ਼ਰਮਾ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਕੇਸ ਦਾ ਕੇਸ ਸੂਬੇ ਤੋਂ ਬਾਹਰ ਚਲਾਉਣ ਦੀ ਮੰਗ ਕੀਤੀ ਹੈ। ਸਾਬਕਾ ਐੱਸ ਐੱਸ ਪੀ ਦਾ ਕਹਿਣਾ ਹੈ ਕਿ ਪਾਵਨ ਸਰੂਪ ਦੀ ਬੇਅਦਬੀ ਦੇ ਕੇਸ ਨਾਲ ਜੁੜਿਆ ਹੋਣ ਦੇ ਕਾਰਨ ਇਸ ਦੀ ਸੁਣਵਾਈ ਵੇਲੇ ਫਰੀਦਕੋਟ ਵਿੱਚ ਤਣਾਅ ਦਾ ਮਾਹੌਲ ਬਣ ਜਾਂਦਾ ਹੈ। ਇਸ ਅਰਜ਼ੀ 'ਤੇ ਨੌਂ ਜਨਵਰੀ ਨੂੰ ਹੋਈ ਸੁਣਵਾਈ ਦੌਰਾਨ ਕੇਸ ਦੀ ਜਾਂਚ ਕਰਦੀ ਐੱਸ ਆਈ ਟੀ ਦੇ ਮੈਂਬਰ ਅਤੇ ਐੱਸ ਐੱਸ ਪੀ ਕਪੂਰਥਲਾ ਨੇ ਅਦਾਲਤ ਦੇ ਸਾਹਮਣੇ ਜਵਾਬ ਦਾਖਲ ਕਰ ਦਿੱਤਾ ਸੀ।

# ਪੰਜ ਹਜ਼ਾਰ ਰਿਸ਼ਵਤ ਲੈਂਦਾ ਨਾਇਬ ਤਸੀਲਦਾਰ ਦਾ ਰੀਡਰ ਕੀਤਾ ਕਾਬੂ

ਬਠਿੰਡਾ, 29 ਜਨਵਰੀ (ਪੋਸਟ ਬਿਊਰੋ)- ਕੱਲ੍ਹ ਦੇਰ ਸ਼ਾਮ ਨਾਇਬ ਤਹਿਸੀਲਦਾਰ ਦੇ ਰੀਡਰ ਨੂੰ ਚੰਡੀਗੜ੍ਹ ਤੋਂ ਆਈ ਇੱਕ ਵਿਜੀਲੈਂਸ ਟੀਮ ਨੇ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਕਾਬੂ ਕਰ ਲਿਆ ਹੈ। ਦੋਸ਼ੀ ਰੀਡਰ ਜਸਵਿੰਦਰ ਸਿੰਘ ਉੱਤੇ ਜ਼ਿਲਾ ਬਠਿੰਡਾ ਦੇ ਵਿਜੀਲੈਂਸ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਚੰਡੀਗੜ੍ਹ ਨੂੰ ਪਿੰਡ ਲਹਿਰਾ ਧੂਰਕੋਟ ਦੇ ਭਗਵਾਨ ਸਿੰਘ ਨੇ ਸ਼ਿਕਾਇਤ ਕਰ ਕੇ ਦਾਅਵਾ ਕੀਤਾ ਸੀ ਕਿ ਉਸ ਦੀ ਆਪਣੇ ਜੱਦੀ ਪਿੰਡ ਵਿਖੇ ਢਾਈ ਏਕੜ ਦੇ ਕਰੀਬ ਜ਼ਮੀਨ ਹੈ ਜਿਸ ਦਾ ਪਿੰਡ ਦੇ ਹੀ ਬਚਿੱਤਰ ਸਿੰਘ ਨਾਲ ਤਕਸੀਮ ਦਾ ਕੇਸ ਨਾਇਬ ਤਹਿਸੀਲਦਾਰ ਨਥਾਣਾ ਕੋਲ ਚੱਲਦਾ ਸੀ। ਉਸ ਦੇ ਦੱਸਣ ਮੁਤਾਬਕ ਨਾਇਬ ਤਹਿਸੀਲਦਾਰ ਦੀ ਅਦਾਲਤ ਨੇ 13 ਜੂਨ 2018 ਨੂੰ ਫੈਸਲਾ ਉਸ ਦੇ ਹੱਕ ਵਿੱਚ ਦਿੱਤਾ ਸੀ। ਇਸ ਦੇ ਬਾਅਦ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਕਬਜ਼ਾ ਵਾਰੰਟ ਦੇਣਾ ਸੀ। ਸ਼ਿਕਾਇਤ ਕਰਤਾ ਨੇ ਕਾਨੂੰਨਗੋ ਕੋਲ ਪਹੁੰਚ ਕੀਤੀ ਤਾਂ ਉਸ ਨੇ ਝਗੜਾ ਹੋਣ ਦਾ ਖਤਰਾ ਦੱਸ ਕੇ ਇਸ ਕੰਮ ਲਈ ਪੁਲਸ ਇਮਦਾਦ ਦੀ ਲੋੜ ਦੱਸੀ। ਨਾਇਬ ਤਹਿਸੀਲਦਾਰ ਨਥਾਣਾ ਨੇ ਪੁਲਸ ਨੂੰ ਲਿਖ ਦਿੱਤਾ। ਡਿਪਟੀ ਕਮਿਸ਼ਨਰ ਨੇ ਇਸ ਬਾਰੇ ਐੱਸ ਐੱਸ ਪੀ ਨੂੰ ਪੁਲਸ ਇਮਦਾਦ ਦੀ ਸਿਫਾਰਸ਼ ਕਰ ਕੇ ਨਾਇਬ ਤਹਿਸੀਲਦਾਰ ਨਥਾਣਾ ਨੂੰ ਜ਼ਮੀਨ ਦਾ ਕਬਜ਼ਾ ਵਾਰੰਟ ਅਫਸਰ ਨਿਯੁਕਤ ਕਰਕੇ ਕਾਰਵਾਈ ਦਾ ਹੁਕਮ ਦਿੱਤਾ ਸੀ। ਇਸ ਕੇਸ ਵਿੱਚ ਇਨਸਾਫ ਲਈ ਭਗਵਾਨ ਸਿੰਘ ਦੁਬਾਰਾ ਫੇਰ ਨਾਇਬ ਤਹਿਸੀਲਦਾਰ ਦਫਤਰ ਦੇ ਅਧਿਕਾਰੀਆਂ ਨੂੰ ਮਿਲਿਆ ਤਾਂ ਅਧਿਕਾਰੀ ਦੇ ਰੀਡਰ ਜਸਵਿੰਦਰ ਸਿੰਘ ਨੇ ਇਸ ਕੰਮ ਲਈ ਤੀਹ ਜਨਵਰੀ ਦੀ ਤਰੀਕ ਤੈਅ ਕਰ ਕੇ ਪੰਜ ਹਜ਼ਾਰ ਰਿਸ਼ਵਤ ਮੰਗ ਲਈ ਸੀ।

# ਡੀਐੱਸਪੀ ਸੋਨੀ ਦੀ ਗ਼ਿ੍ਫ਼ਤਾਰੀ ਕੋਰਟ ਨੇ ਰੋਕੀ

ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਦੋਸਤ ਦੀ ਪਤਨੀ ਉਤੇ ਗੋਲੀ ਚਲਾਉਣ ਦੇ ਦੋਸ਼ ਹੇਠ ਫਸੇ ਪੰਜਾਬ ਪੁਲਸ ਦੇ ਡੀ ਐੱਸ ਪੀ ਅਤੁਲ ਸੋਨੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਰਾਹਤ ਮਿਲ ਗਈ ਹੈ। ਕੋਰਟ ਨੇ ਸੋਨੀ ਦੀ ਗ਼੍ਰਿਫ਼ਤਾਰੀ 'ਤੇ ਰੋਕ ਲਾ ਕੇ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਮੁਹਾਲੀ ਅਦਾਲਤ ਤੋਂ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਪਿੱਛੋਂ ਸੋਨੀ ਨੇ ਹਾਈ ਕੋਰਟ ਤੋਂ ਜ਼ਮਾਨਤ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਗ਼੍ਰਿਫ਼ਤਾਰੀ 'ਤੇ ਰੋਕ ਲਾ ਕੇ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ ਅਤੇ 31 ਜਨਵਰੀ ਉਤੇ ਅਗਲੀ ਸੁਣਵਾਈ ਤੈਅ ਕੀਤੀ ਹੈ। ਅਤੁਲ ਸੋਨੀ ਵਿਰੁੱਧ 19 ਜਨਵਰੀ ਨੂੰ ਮੁਹਾਲੀ ਫ਼ੇਜ਼ ਅੱਠ ਥਾਣੇ ਵਿੱਚ ਕਤਲ ਦੀ ਕੋਸ਼ਿਸ਼ ਅਤੇ ਆਰਮਜ਼ ਐਕਟ ਸਮੇਤ ਕੁਝ ਹੋਰ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਸੀ। ਇਸੇ ਕੇਸ ਵਿੱਚ ਜ਼ਮਾਨਤ ਦੀ ਮੰਗ ਕਰਦੀ ਅਰਜ਼ੀ ਵਿੱਚ ਸੋਨੀ ਨੇ ਕਿਹਾ ਕਿ ਉਸ ਦਾ ਸੁਨੀਤਾ ਸੋਨੀ ਨਾਲ ਵਿਵਾਦ ਹੋਇਆ ਸੀ ਤੇ ਉਸ ਪੁਲਸ ਕੋਲ ਸ਼ਿਕਾਇਤ ਲੈ ਕੇ ਵੀ ਗਈ, ਪਰ ਇਸ ਵਿੱਚ ਕਿਤੇ ਗੋਲੀ ਚਲਾਉਣ ਦਾ ਦੋਸ਼ ਨਹੀਂ ਸੀ ਲਾਇਆ ਗਿਆ ਪਰ ਪੁਲਸ ਨੇ ਕਹਾਣੀ ਵਿਗਾੜ ਕੇ ਆਰਮਜ਼ ਐਕਟ ਦੀ ਧਾਰਾ ਲਾਈ ਹੈ।

# ਨਸ਼ਾ ਤਸਕਰੀ ਦੇ 24 ਕੇਸਾਂ ਵਿੱਚ ਇੱਕੋ ਗਵਾਹ ਹੋਣ ਕਾਰਨ ਹਾਈ ਕੋਰਟ ਨੇ ਜਵਾਬ ਮੰਗਿਆ

ਮੋਗਾ, 29 ਜਨਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੁਲਸ ਦੇ ਨਸ਼ਾ ਤਸਕਰੀ ਦੇ ਕੇਸ ਵਿੱਚ ਰੱਖੇ ਗਵਾਹ ਦੇ ਸੰਬੰਧ ਵਿੱਚ ਜਾਣਕਾਰੀ ਸੀ, ਜਿਸ ਉੱਤੇ ਮੋਗਾ ਪੁਲਸ ਵੱਲੋਂ ਹਾਈ ਕੋਰਟ ਵਿੱਚ ਪੇਸ਼ ਕੀਤੇ ਰਿਕਾਰਡ ਮੁਤਾਬਕ ਉਸ ਨੂੰ ਦੋ ਥਾਣਿਆਂ ਦੇ 24 ਕੇਸਾਂ ਵਿੱਚ ਇੱਕੋ ਬੰਦਾ ਗਵਾਹ ਰੱਖਿਆ ਗਿਆ ਹੈ।

ਐਡਵੋਕੇਟ ਅਰਸ਼ਦੀਪ ਸਿੰਘ ਬਰਾੜ ਨੇ ਦੱਸਿਆ ਕਿ ਚਾਰ ਜੂਨ 2018 ਨੂੰ ਥਾਣਾ ਸਿਟੀ-1 ਪੁਲਸ ਵੱਲੋਂ ਨਸ਼ੀਲੇ ਪਾਊਡਰ ਨਾਲ ਫੜੇ ਗਏ ਦੋ ਨੌਜਵਾਨਾਂ ਗਗਨ ਸ਼ਰਮਾ ਉਰਫ ਗੋਰਾ ਵਾਸੀ ਬਸਤੀ ਗੋਬਿੰਦਗੜ੍ਹ ਅਤੇ ਦੀਪਕ ਸਿੰਘ ਉਰਫ ਨੋਨੀ ਵਾਸੀ ਬੁੱਕਣਵਾਲਾ ਰੋਡ ਨੇ ਦੱਸਿਆ ਸੀ ਕਿ ਦੋਵੇਂ ਜਗਦੇਵ ਸਿੰਘ ਜੱਗਾ ਤੋਂ ਨਸ਼ੀਲਾ ਪਾਊਡਰ ਖਰੀਦ ਕੇ ਲਿਆਂਉਂਦੇ ਹਨ ਤੇ ਅੱਗੇ ਵੇਚਦੇ ਹਨ। ਪੁਲਸ ਨੇ 2 ਜੂਨ 2018 ਨੂੰ ਜਗਦੇਵ ਸਿੰਘ ਜੱਗਾ ਨੂੰ ਦੋਵਾਂ ਕੇਸਾਂ ਵਿੱਚ ਨਾਮਜ਼ਦ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਜਗਦੇਵ ਸਿੰਘ ਜੱਗਾ ਪਿਛਲੇ ਡੇਢ ਸਾਲ ਤੋਂ ਜੇਲ੍ਹ ਵਿੱਚ ਬੰਦ ਹੈ। ਇਸੇ ਦੌਰਾਨ ਅੱਠ ਜਨਵਰੀ ਨੂੰ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਮੌਕੇ ਹਾਈ ਕੋਰਟ ਦੇ ਜਸਟਿਸ ਸੁਬੀਰ ਸਹਿਗਲ ਨੇ ਸਰਕਾਰੀ ਵਕੀਲ ਦੇ ਰਾਹੀਂ ਐੱਸ ਐੱਸ ਪੀ ਮੋਗਾ ਤੋਂ ਪੁੱਛਿਆ ਕਿ ਪੁਲਸ ਵੱਲੋਂ ਰੱਖਿਆ ਗਵਾਹ ਪ੍ਰਕਾਸ਼ ਸਿੰਘ ਵਾਸੀ ਬਹੋਨਾ ਚੌਕ ਪੁਲਸ ਦਾ ਮੁਖਬਰ ਹੈ ਜਾਂ ਗਵਾਹ ਹੈ ਅਤੇ ਉਹ ਕਿੰਨੇ ਕੇਸਾਂ ਵਿੱਚ ਮੁਖਬਰ ਜਾਂ ਗਵਾਹ ਦੇ ਤੌਰ 'ਤੇ ਰੱਖਿਆ ਗਿਆ ਹੈ। ਇਸ ਉਤੇ 24 ਜਨਵਰੀ ਨੂੰ ਥਾਣਾ ਸਿਟੀ ਸਾਊਥ ਦੇ ਏ ਐੱਸ ਆਈ ਅਮਰੀਕ ਸਿੰਘ ਰਿਕਾਰਡ ਲੈ ਕੇ ਹਾਈ ਕੋਰਟ ਪੁਹੰਚੇ ਅਤੇ ਦੱਸਿਆ ਕਿ ਪ੍ਰਕਾਸ਼ ਸਿੰਘ ਥਾਣਾ ਸਿਟੀ ਸਾਊਥ ਅਤੇ ਸਿਟੀ 1 ਵਿੱਚ ਕੁੱਲ 24 ਕੇਸਾਂ ਵਿੱਚ ਗਵਾਹ ਰੱਖਿਆ ਗਿਆ ਹੈ। ਜੱਜ ਨੇ ਏ ਐੱਸ ਆਈ ਨੂੰ ਕਿਹਾ ਕਿ 19 ਫਰਵਰੀ ਤੱਕ ਗਵਾਹ ਦੇ ਸੰਬੰਧ ਵਿੱਚ ਸਾਰਾ ਰਿਕਾਰਡ ਲੈ ਕੇ ਪੇਸ਼ ਹੋਣ ਕਿ ਕਿਸ-ਕਿਸ ਮਾਮਲੇ ਵਿੱਚ ਗਵਾਹ ਦੇ ਤੌਰ 'ਤੇ ਉਸ ਨੂੰ ਰੱਖਿਆ ਹੈ ਅਤੇ ਜ਼ਿਲੇ ਦੇ ਬਾਕੀ ਥਾਣਿਆਂ ਦਾ ਵੀ ਰਿਕਾਰਡ ਵਿੱਚ ਲੈ ਕੇ ਆਉਣ।

# ਪਾਬੰਦੀ ਦੇ ਬਾਵਜੂਦ ਗਾਇਕਾਂ ਵੱਲੋਂ ਹਿੰਸਕ ਗੀਤ ਜਾਣ ਜਾਣੇ ਜਾਰੀ

ਐੱਸ ਏ ਐੱਸ ਨਗਰ, 29 ਜਨਵਰੀ (ਪੋਸਟ ਬਿਊਰੋ)- ਪੰਜਾਬੀ ਮਾਂ ਬੋਲੀ ਲਈ ਆਵਾਜ਼ ਬੁਲੰਦ ਕਰ ਰਹੇ ਪੰਡਿਤ ਰਾਓ ਧਰੇਨਵਰ ਵੱਲੋਂ ਪਾਈ ਅਰਜ਼ੀ ਦੀ ਸੁਣਵਾਈ ਦੌਰਾਨ ਪੰਜਾਬ ਹਰਿਆਣਾ ਹਾਈ ਕੋਰਟ ਨੇ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਪੰਜਾਬ ਦੇ ਪ੍ਰਿੰਸੀਪਲ ਸੈਕਟਰੀ ਨੂੰ 24 ਅਪ੍ਰੈਲ ਤੱਕ ਲਈ ਨੋਟਿਸ ਜਾਰੀ ਕੀਤਾ ਹੈ।

ਪੰਡਿਤ ਰਾਓ ਧਰੇਨਵਰ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਦੇ ਪ੍ਰਿੰਸੀਪਲ ਸੈਕਟਰੀ, ਐੱਸ ਐੱਸ ਪੀ ਮੋਹਾਲੀ ਅਤੇ ਹੋਰ ਅਧਿਕਾਰੀਆਂ ਨੂੰ ਦੱਸਿਆ ਸੀ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 22 ਜੁਲਾਈ 2019 ਦੇ ਹੁਕਮ ਅਨੁਸਾਰ ਦੋਵਾਂ ਰਾਜਾਂ ਵਿੱਚ ਕਿਸੇ ਵੀ ਲਾਈਵ ਸ਼ੋਅ ਵਿੱਚ ਸ਼ਰਾਬ, ਲੱਚਰਤਾ, ਹਿੰਸਾਤਮਕ ਅਤੇ ਭੜਕਾਊ ਗਾਣੇ ਗਾਉਣ 'ਤੇ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਸੀ ਕਿ ਅਜਿਹੇ ਪ੍ਰੋਗਰਾਮਾਂ 'ਤੇ ਰੋਕ ਲਾਉਣ ਦੇ ਲੋੜੀਂਦੇ ਪ੍ਰਬੰਧ ਕੀਤੇ ਜਾਣ, ਪਰ ਬੀਤੀ 31 ਦਸੰਬਰ ਨੂੰ ਪੰਜਾਬੀ ਗਾਇਕ ਕਰਣ ਔਜਲਾ ਨੇ ਫਾਰੈਸਟ ਹਿੱਲ, ਨਯਾਗਾਓਂ, ਮੁਹਾਲੀ ਵਿੱਚ ਹਿੰਸਾਤਮਕ, ਭੜਕਾਊ, ਸ਼ਰਾਬੀ ਤੇ ਹਥਿਆਰ ਦੇ ਗਾਣੇ ਗਾ ਕੇ ਅਦਾਲਤੀ ਹੁਕਮਾਂ ਦੀ ਉਲੰਘਣਾ ਕੀਤੀ ਹੈ। ਪੰਡਿਤ ਰਾਓ ਧਰੇਨਵਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਸੰਬੰਧੀ ਐੱਸ ਐੱਸ ਪੀ ਮੁਹਾਲੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਸੰਬੰਧੀ ਪੰਜਾਬੀ ਗਾਇਕ ਕਰਣ ਔਜਲਾ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration


By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਠੱਗ ਨੇ 'ਹੈਲੋ ਮੈਂ ਪੇ ਟੀ ਐੱਮ ਤੋਂ ਬੋਲ ਰਿਹਾਂ' ਕਹਿ ਕੇ ਛੇ ਲੱਖ ਰੁਪਏ ਉਡਾ ਲਏ

ਬਠਿੰਡਾ, 29 ਜਨਵਰੀ (ਪੋਸਟ ਬਿਊਰੋ)- ਥਾਣਾ ਸਦਰ ਬਠਿੰਡਾ ਦੀ ਪੁਲਸ ਨੇ ਬੈਂਕ ਖਾਤੇ 'ਚੋਂ ਧੋਖਾਧੜੀ ਨਾਲ ਛੇ ਲੱਖ ਰੁਪਏ ਕਢਵਾਉਣ ਦੇ ਦੋਸ਼ ਹੇਠ ਇੱਕ ਅਣਪਛਾਤੇ ਠੱਗ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਸ ਸੰਬੰਧ ਵਿੱਚ ਥਾਣਾ ਸਦਰ ਦੇ ਮੁਖੀ ਸੁਨੀਲ ਕੁਮਾਰ ਨੇ ਦੱਸਿਆ ਕਿ ਸੰਜੂ ਕੁਮਾਰ ਪਿੰਡ ਤਿਊਣਾ ਨੇ ਸ਼ਿਕਾਇਤ ਦਿੱਤੀ ਹੈ ਕਿ ਉਸ ਦਾ ਬੈਂਕ ਖਾਤਾ ਪਿੰਡ ਮੁਲਤਾਨੀਆਂ ਵਿਖੇ ਐਕਸਿਸ ਬੈਂਕ ਦੀ ਬ੍ਰਾਂਚ ਵਿੱਚ ਹੈ। ਉਸ ਦੇ ਕਰੰਟ ਅਤੇ ਬਚਤ ਖਾਤਿਆਂ ਵਿੱਚ ਛੇ ਲੱਖ 12 ਹਜ਼ਾਰ 141 ਰੁਪਏ ਜਮ੍ਹਾ ਸਨ। ਉਸ ਦੇ ਦੱਸਣ ਅਨੁਸਾਰ 17 ਨਵੰਬਰ, 2019 ਨੂੰ ਉਸ ਨੂੰ ਫੋਨ ਉੱਤੇ ਇੱਕ ਵਿਅਕਤੀ ਨੇ ਦੱਸਿਆ ਕਿ ਉਹ ਪੇ ਟੀ ਐੱਮ ਆਫਿਸ ਨੋਇਡਾ ਤੋਂ ਬੋਲ ਰਿਹਾ ਹੈ। ਉਸ ਨੇ ਕਿਹਾ ਕਿ ਤੁਹਾਡੇ ਬੈਂਕ ਖਾਤੇ ਵਿੱਚ ਪਈ ਰਕਮ ਬਲਾਕ ਹੋਣ ਜਾ ਰਹੀ ਹੈ, ਇਸ ਲਈ ਤੁਸੀਂ ਰਕਮ ਜਲਦੀ ਕਢਵਾ ਲਵੋ। ਉਸ ਵਿਅਕਤੀ ਨੇ ਕਿਹਾ ਕਿ ਜੇ ਤੁਸੀਂ ਆਪਣੀ ਰਕਮ ਸੁਰੱਖਿਅਤ ਕਰਨੀ ਹੋਵੇ ਤਾਂ ਇੱਕ ਸਰਵਰ 'ਤੇ 3500 ਰੁਪਏ ਦੀ ਐਂਟਰੀ ਕਰ ਕੇ ਸਰਵਰ ਨੂੰ ਮੈਸਿਜ ਕਰ ਦਿਓ। ਪੀੜਤ ਨੌਜਵਾਨ ਨੇ ਦੱਸਿਆ ਕਿ ਫੋਨ ਕਰਨ ਵਾਲੇ ਵਿਅਕਤੀ ਦੇ ਕਹਿਣ ਉੱਤੇ ਉਸ ਨੇ 3500 ਰੁਪਏ ਦੀ ਐਂਟਰੀ ਕਰ ਕੇ ਸਰਵਰ ਨੂੰ ਮੈਸਿਜ ਕਰ ਦਿੱਤਾ, ਪਰ ਦੂਜੇ ਪਾਸੇ ਫੋਨ ਕਰਨ ਵਾਲੇ ਨੇ ਕਿਹਾ ਕਿ ਤੁਹਾਡੀ ਐਂਟਰੀ ਕਿਸੇ ਹੋਰ ਸਰਵਰ 'ਤੇ ਚਲੀ ਗਈ ਹੈ, ਦੁਬਾਰਾ ਕਰੋ। ਸੰਜੂ ਗਰਗ ਦੇ ਦੱਸਣ ਅਨੁਸਾਰ ਰਕਮ ਡੁੱਬਦੀ ਦੇਖ ਕੇ ਉਸ ਨੇ ਉਕਤ ਵਿਅਕਤੀ ਦੇ ਕਹਿਣ 'ਤੇ ਕਈ ਐਂਟਰੀਆਂ ਕਰ ਦਿੱਤੀਆਂ। ਇਸ ਤਰ੍ਹਾਂ ਨੌਸਰਬਾਜ਼ ਨੇ ਛੇ ਲੱਖ 12 ਹਜ਼ਾਰ 141 ਰੁਪਏ ਦੀ ਰਕਮ ਕੱਢਵਾ ਲਈ।

## ਭਾਰਤ ਨੂੰ ਲਕਸਮਬਰਗ ਵੱਲੋਂ ਸਲਾਹ: ਆਪਣੇ ਲੋਕਾਂ ਨੂੰ ਬੇਵਤਨੇ ਨਾ ਕਰੋ

ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਨਵੇਂ ਨਾਗਰਿਕਤਾ ਕਾਨੂੰਨ ਅਤੇ ਐਨ ਆਰ ਸੀ ਬਾਰੇ ਚਿੰਤਾ ਦੇ ਮਾਹੌਲ ਵਿੱਚ ਯੂਰਪੀਅਨ ਯੂਨੀਅਨ ਦੇ ਮੈਂਬਰ ਲਕਸਮਬਰਗ ਨੇ ਕੱਲ੍ਹ ਕਿਹਾ ਹੈ ਕਿ ਉਹ ਭਾਰਤ ਦੀ ਘਰੇਲੂ ਨੀਤੀ ਵਿੱਚ ਦਖਲ ਨਹੀਂ ਦੇਣਾ ਚਾਹੁੰਦੇ, ਪਰ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਨਾਗਰਿਕਤਾ ਤੋਂ ਵਿਰਵੇ ਲੋਕਾਂ ਦੀ ਗਿਣਤੀ ਵਧਣ ਤੋਂ ਰੋਕਣ ਲਈ ਸਭ ਕੁਝ ਕਰਨ ਲਈ ਆਖਿਆ ਹੈ।

ਲਕਸਮਬਰਗ ਵੱਲੋਂ ਇਹ ਸਲਾਹ ਭਾਰਤ ਦੇ ਦੌਰੇ 'ਤੇ ਆਏ ਉਸ ਦੇਸ਼ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਜੀਨ ਐਸਲਬੋਰਨ ਨੇ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਗੱਲਬਾਤ ਦੌਰਾਨ ਦਿੱਤੀ। ਇਸ ਮੁਲਾਕਾਤ ਮਗਰੋਂ ਇਥੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿੱਚ ਚਰਚਾ ਸੈਸ਼ਨ ਦੌਰਾਨ ਐਸਲਬੋਰਨ ਨੇ ਕਿਹਾ, ਮੈਂ ਕੱਲ੍ਹ ਸਵੇਰੇ ਵਿਦੇਸ਼ ਮੰਤਰੀ (ਜੈਸ਼ੰਕਰ) ਨੂੰ ਕਿਹਾ ਕਿ ਉਹ ਨਾਗਰਕਿਤਾ ਤੋਂ ਵਾਂਝੇ ਲੋਕਾਂ ਦੀ ਗਿਣਤੀ ਨਾ ਵਧਣ ਦੇਣ ਲਈ ਹਰ ਸੰਭਵ ਕੰਮ ਕਰਨ। ਇਸੇ ਇੱਕ ਮੁੱਦੇ ਖਿਲਾਫ ਅਸੀਂ ਲੜਨਾ ਹੈ, ਬਾਕੀ ਭਾਰਤ ਦੀ ਮਰਜ਼ੀ।

ਯੂਰਪੀਅਨ ਪਾਰਲੀਮੈਂਟ ਵਿੱਚ ਨਵੇਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਖਿਲਾਫ ਮਤੇ ਪੇਸ਼ ਕੀਤੇ ਜਾਣ ਦੇ ਸੰਬੰਧ ਵਿੱਚ ਐਸਲਬੋਰਨ ਨੇ ਕਿਹਾ ਕਿ ਜੈਸ਼ੰਕਰ ਜਦੋਂ ਫਰਵਰੀ ਅਤੇ ਮਾਰਚ ਵਿੱਚ ਯੂਰਪ ਆਉਣਗੇ, ਉਦੋਂ ਇਸ ਬਾਰੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਮਤਿਆਂ ਬਾਰੇ ਸਵਾਲ ਦੇ ਜਵਾਬ ਵਿੱਚ ਐਸਲਬੋਰਨ ਨੇ ਇਸ ਕਦਮ ਦੇ ਹੱਕ ਵਿੱਚ ਕਿਹਾ ਕਿ ਯੂਰਪੀਅਨ ਪਾਰਲੀਮੈਂਟ ਵੱਲੋਂ ਅਕਸਰ ਆਪਣੇ ਮੈਂਬਰਾਂ ਦੀ ਨੁਕਤਾਚੀਨੀ ਕੀਤੀ ਜਾਂਦੀ ਹੈ ਅਤੇ ਕਈ ਵਾਰ ਉਨ੍ਹਾਂ ਦੇ ਖਿਲਾਫ ਹਮਲਾਵਰ ਰੁਖ਼ ਵੀ ਵਰਤੇ ਜਾਂਦੇ ਹਨ। ਉਨ੍ਹਾਂ ਭਾਰਤ ਬਾਰੇ ਕਿਹਾ, ਸਮੱਸਿਆ ਇਹ ਹੈ ਕਿ ਜੇ ਤੁਹਾਡੇ ਕੋਲ ਪਰਵਾਸ ਨਾਲ ਧਰਮ ਦਾ ਮਸਲਾ ਜੁੜ ਜਾਵੇ ਤਾਂ ਹੱਲ ਲੱਭਣਾ ਬਹੁਤ ਮੁਸ਼ਕਲ ਹੈ। ਉਨ੍ਹਾਂ ਅੱਗੇ ਕਿਹਾ, ਮੈਂ ਦਖਲ ਨਹੀਂ ਦੇਣਾ ਚਾਹੁੰਦਾ, ਪਰ ਜੇ ਵਿਦੇਸ਼ ਮੰਤਰੀਆਂ ਵਜੋਂ ਸਾਡੇ ਕੋਲ ਚਰਚਾ ਦੀ ਸੰਭਾਵਨਾ ਹੈ, ਯੂਰਪੀਅਨ ਪਾਰਲੀਮੈਂਟ ਵਿੱਚ ਉਹ ਵੀ ਜਾ ਰਹੇ ਹਨ, ਮੈਂ ਕੱਲ੍ਹ ਸਵੇਰੇ ਦੇਖਿਆ ਕਿ ਉਹ ਨਾਗਰਿਕਤਾ ਤੋਂ ਵਾਂਝੇ ਲੋਕਾਂ ਦੀ ਗਿਣਤੀ ਵਧਣ ਦੇ ਹੱਕ ਵਿੱਚ ਨਹੀਂ ਹਨ। ਐਸਲਬੋਰਨ ਨੇ ਕਿਹਾ, ਉਨ੍ਹਾਂ (ਜੈਸ਼ੰਕਰ) ਨੇ ਕੱਲ੍ਹ ਸਵੇਰੇ ਮੈਨੂੰ ਆਪਣੀ ਸਥਿਤੀ ਸਮਝਾਈ ਅਤੇ ਮੈਨੂੰ ਲੱਗਦਾ ਹੈ ਕਿ ਜੇ ਅਸੀਂ ਇਹ ਚਰਚਾ ਕਰ ਸਕੇ, ਜਿਵੇਂ ਇਸ ਬਿੱਲ ਬਾਰੇ ਆਸਾਮ ਵਿੱਚ ਕੀ ਹੋ ਰਿਹਾ ਹੈ, ਯੂਰਪੀਅਨ ਯੂਨੀਅਨ ਵਿੱਚ ਵੀ ਸਾਡੇ ਕੋਲ ਅਜਿਹੀਆਂ ਹੀ ਸਮੱਸਿਆ ਹਨ।"



ਇਸੇ ਦੌਰਾਨ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ ਐਸਲਬੋਰਨ ਅਤੇ ਜੈਸ਼ੰਕਰ ਵਿਚਾਲੇ ਮੁਲਾਕਾਤ ਦੌਰਾਨ ਦੋਵਾਂ ਦੇਸ਼ਾਂ ਦੇ ਦੁਵੱਲੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਵਪਾਰ, ਆਰਥਿਕ ਸਹਿਯੋਗ, ਸਿਆਸੀ ਤੇ ਰਣਨੀਤਕ ਸੰਬੰਧਾਂ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਚਰਚਾ ਹੋਈ ਅਤੇ ਦੋਵਾਂ ਮੰਤਰੀਆਂ ਨੇ ਉੱਚ ਪੱਧਰੀ ਸਿਆਸੀ ਸੰਪਰਕ ਹੋਰ ਵਧਾਉਣ ਦੀ ਵੀ ਹਾਮੀ ਭਰੀ ਹੈ।

# ਆਟੋ ਉੱਤੇ 'ਆਈ ਲਵ ਕੇਜਰੀਵਾਲ' ਲਿਖਣ ਦਾ 10000 ਰੁਪਏ ਦਾ ਚਲਾਨ

ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਇੱਕ ਆਟੋ ਰਿਕਸ਼ਾ ਉੱਤੇ 'ਆਈ ਲਵ ਕੇਜਰੀਵਾਲ' ਲਿਖਿਆ ਹੋਣ 'ਤੇ ਦਿੱਲੀ ਪੁਲਸ ਨੇ ਡਰਾਈਵਰ ਨੂੰ 10000 ਰੁਪਏ ਦਾ ਚਲਾਨ ਫੜਾ ਦਿੱਤਾ। ਡਰਾਈਵਰ ਨੇ ਇਸ ਕਾਰਵਾਈ ਨੂੰ ਚੁਣੌਤੀ ਦਿੰਦੇ ਹੋਏ ਦਿੱਲੀ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ।




ਕੱਲ੍ਹ ਹਾਈ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ, ਪੁਲਸ ਅਤੇ ਚੋਣ ਕਮਿਸ਼ਨ ਤੋਂ ਜਵਾਬ ਮੰਗਿਆ ਹੈ। ਇਸ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਕਾਰਵਾਈ ਸਿਆਸੀ ਮੰਦਭਾਵਨਾ ਤੋਂ ਪ੍ਰੇਰਤ ਹੈ। ਦਿੱਲੀ ਸਰਕਾਰ ਦੇ ਵਕੀਲ ਅਤੇ ਪੁਲਸ ਨੇ ਅਦਾਲਤ ਨੂੰ ਦੱਸਿਆ ਕਿ 10,000 ਰੁਪਏ ਦਾ ਚਲਾਨ ਕਿਉਂ ਕੱਟਿਆ ਗਿਆ, ਇਸ ਦੀ ਪੂਰੀ ਜਾਣਕਾਰੀ ਹਾਸਲ ਕਰਨ ਲਈ ਸਮਾਂ ਚਾਹੀਦਾ ਹੈ। ਚੋਣ ਕਮਿਸ਼ਨ ਦੇ ਵਕੀਲ ਨੇ ਕਿਹਾ ਕਿ ਸ਼ਾਇਦ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਾਰਨ ਇਹ ਕਾਰਵਾਈ ਕੀਤੀ ਗਈ ਹੋਵੇਗੀ, ਕਿਉਂਕਿ ਇਸ ਦੌਰਾਨ ਸਿਆਸੀ ਵਿਗਿਆਪਨਾਂ 'ਤੇ ਪਾਬੰਦੀ ਹੁੰਦੀ ਹੈ। ਆਟੋ ਚਾਲਕ ਦੇ ਵਕੀਲ ਨੇ ਚੋਣ ਕਮਿਸ਼ਨ ਦੀ ਦਲੀਲ ਦੇ ਵਿਰੋਧ ਵਿੱਚ ਕਿਹਾ ਕਿ ਪਹਿਲੀ ਵਾਰ ਅਜਿਹਾ ਸਿਆਸੀ ਇਸ਼ਤਿਹਾਰ ਨਹੀਂ ਲੱਗਾ, ਜੇ ਹੈ ਵੀ ਤਾਂ ਇਸ 'ਤੇ ਪਾਬੰਦੀ ਨਹੀਂ ਲਾਈ ਜਾ ਸਕਦੀ, ਕਿਉਂਕਿ ਇਹ ਪਟੀਸ਼ਨ ਕਰਤਾ ਦੇ ਖਰਚੇ 'ਤੇ ਹੈ, ਕਿਸੇ ਸਿਆਸੀ ਪਾਰਟੀ ਦੇ ਖਰਚੇ 'ਤੇ ਨਹੀਂ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਬਾਰੇ ਟਵੀਟ ਕਰ ਕੇ ਕਿਹਾ ਕਿ ਭਾਜਪਾ ਆਪਣੀ ਪੁਲਸ ਰਾਹੀਂ ਗਰੀਬ ਆਟੋ ਵਾਲਿਆਂ ਦੇ ਝੂਠੇ ਚਲਾਨ ਕਰਵਾ ਰਹੀ ਹੈ। ਉਨ੍ਹਾਂ ਦਾ ਕਸੂਰ ਸਿਰਫ ਇਹ ਹੀ ਸੀ ਕਿ ਉਨ੍ਹਾਂ ਆਪਣੇ ਆਟੋ 'ਤੇ 'ਆਈ ਲਵ ਕੇਜਰੀਵਾਲ' ਲਿਖਿਆ ਹੈ। ਗਰੀਬਾਂ ਵਿਰੁੱਧ ਅਜਿਹੀ ਮੰਦਭਾਵਨਾ ਠੀਕ ਨਹੀਂ ਹੈ। ਮੇਰੀ ਭਾਜਪਾ ਨੂੰ ਅਪੀਲ ਹੈ ਕਿ ਗਰੀਬਾਂ ਕੋਲੋਂ ਬਦਲਾ ਲੈਣਾ ਬੰਦ ਕੀਤਾ ਜਾਏ।

# ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਭਾਜਪਾ ਵਿੱਚ ਸ਼ਾਮਲ



ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਈ ਹੈ। ਬੈਡਮਿੰਟਨ ਜਗਤ ਵਿੱਚ ਭਾਰਤ ਦਾ ਨਾਂ ਰੋਸ਼ਨ ਕਰ ਚੁੱਕੀ ਸਾਇਨਾ ਨੇਹਵਾਲ ਸਿਆਸੀ ਕਰੀਅਰ ਸ਼ੁਰੂ ਕਰਨ ਲੱਗੀ ਹੈ। ਉਸ ਨੇ ਅੱਜ ਭਾਜਪਾ ਦਫ਼ਤਰ ਵਿੱਚ ਕੌਮੀ ਜਨਰਲ ਸਕੱਤਰ ਅਰੁਣ ਸਿੰਘ ਦੀ ਹਾਜ਼ਰੀ ਵਿੱਚ ਪਾਰਟੀ ਦੀ ਮੈਂਬਰਸ਼ਿਪ ਹਾਸਲ ਕੀਤੀ ਤੇ ਉਨ੍ਹਾਂ ਦੀ ਭੈਣ ਚੰਦਰਾਂਸ਼ੂ ਵੀ ਭਾਜਪਾ ਵਿੱਚ ਸ਼ਾਮਲ ਹੋ ਗਈ।

ਵਰਨਣ ਯੋਗ ਹੈ ਕਿ 29 ਸਾਲ ਦੀ ਸਾਇਨਾ ਨੇਹਵਾਲ ਤੋਂ ਪਹਿਲਾਂ ਪਹਿਲਵਾਨ ਯੋਗਸ਼ਵਰ ਦੱਤ ਤੇ ਬਬੀਤਾ ਫੋਗਾਟ ਵੀ ਭਾਜਪਾ ਵਿੱਚ ਸ਼ਾਮਲ ਹੋਏ ਸਨ। ਭਾਰਤੀ ਕ੍ਰਿਕਟ ਖਿਡਾਰੀ ਗੌਤਮ ਗੰਭੀਰ ਵੀ ਭਾਜਪਾ ਵਿੱਚ ਸ਼ਾਮਲ ਹੋਏ ਸਨ ਤੇ ਉਹ ਇਸ ਵਕਤ ਪੂਰਬੀ ਦਿੱਲੀ ਤੋਂ ਪਾਰਲੀਮੈਂਟ ਮੈਂਬਰ ਹਨ। ਬੀਤੇ ਸਾਲ ਸਾਇਨਾ ਨੇਹਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਹਿਲਾ ਸ਼ਕਤੀਕਰਨ ਵਾਲੀ ਮੁਹਿੰਮ ਦੀ ਸ਼ਲਾਘਾ ਕੀਤਾ ਸੀ। ਦੀਵਾਲੀ ਮੌਕੇ 'ਭਾਰਤ ਕੀ ਲਕਸ਼ਮੀ' ਨਾਂ ਵਾਲੀ ਮੁਹਿੰਮ ਨਰਿੰਦਰ ਮੋਦੀ ਨੇ ਸ਼ੁਰੂ ਕੀਤੀ ਸੀ, ਜਿਸ ਦੀ ਨੇਹਵਾਲ ਨੇ ਸ਼ਲਾਘਾ ਕਰਦਿਆਂ ਕਿਹਾ ਸੀ, 'ਔਰਤਾਂ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਮੁਹਿੰਮ ਲਈ ਪ੍ਰਧਾਨ ਮੰਤਰੀ ਮੋਦੀ ਦਾ ਸ਼ੁਕਰੀਆ।'

ਸਾਇਨਾ ਦਾ ਜਨਮ ਹਰਿਆਣਾ ਦੇ ਹਿਸਾਰ ਵਿੱਚ 19 ਮਾਰਚ 1990 ਨੂੰ ਹੋਇਆ ਸੀ ਅਤੇ ਉਹ 23 ਮਈ 2015 ਨੂੰ ਵਿਸ਼ਵ ਬੈਡਮਿੰਟਨ ਰੈਂਕਿੰਗ ਵਿੱਚ ਵਰਲਡ ਨੰਬਰ ਵੰਨ ਬਣੀ ਸੀ। ਇਸ ਮੁਕਾਮ ਉੱਤੇ ਪਹੁੰਚਣ ਵਾਲੀ ਨੇਹਵਾਲ ਪਹਿਲੀ ਭਾਰਤੀ ਮਹਿਲਾ ਬੈਡਮਿੰਟਨ ਖਿਡਾਰੀ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਕੁਝ ਦਿਨ ਬਾਕੀ ਹਨ। ਇਸ ਮੌਕੇ ਸਾਇਨਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਯੁਵਾ ਵੋਟਰਾਂ ਨੂੰ ਖਿੱਚੇ ਜਾਣ ਦੀ ਉਮੀਦ ਹੈ। ਮੀਡੀਆ ਰਿਪੋਰਟਸ ਮੁਤਾਬਿਕ ਪਾਰਟੀ ਉਨ੍ਹਾਂ ਦਾ ਇਸਤੇਮਾਲ ਦਿੱਲੀ ਵਿਧਾਨ ਸਭਾ ਚੋਣ ਪ੍ਰਚਾਰ ਵਿੱਚ ਕਰ ਸਕਦੀ ਹੈ। ਏਥੋਂ ਦੇ ਵੱਡੀ ਗਿਣਤੀ ਨੌਜਵਾਨ ਵੋਟਰ ਹਨ, ਜਿਹੜੇ ਸਿਆਸੀ ਪਾਰਟੀਆਂ ਦੀ ਜਿੱਤ-ਹਾਰ ਤੈਅ ਕਰ ਸਕਦੇ ਹਨ।

## ਔਰਤਾਂ ਨਾਲ ਧਾਰਮਿਕ ਵਿਤਕਰੇ ਬਾਰੇ ਸੁਣਵਾਈ ਦਸ ਦਿਨ ਵਿੱਚ ਪੂਰੀ ਹੋਵੇਗੀ



ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਵੱਖ-ਵੱਖ ਧਰਮਾਂ ਦੇ ਧਾਰਮਿਕ ਸਥਾਨਾਂ 'ਚ ਦਾਖਲੇ ਬਾਰੇ ਔਰਤਾਂ ਨਾਲ ਵਿਤਕਰੇ ਦੇ ਕੇਸ ਦੀ ਰੈਗੂਲਰ ਸੁਣਵਾਈ ਸ਼ੁਰੂ ਹੋਣ ਪਿੱਛੋਂ ਦਸ ਦਿਨਾਂ ਵਿੱਚ ਪੂਰੀ ਕਰ ਲਈ ਜਾਵੇਗੀ।

ਕੱਲ੍ਹ ਸੁਪਰੀਮ ਕੋਰਟ ਨੇ ਅਜਿਹੇ ਸੰਕੇਤ ਦਿੱਤੇ ਹਨ। ਚੀਫ ਜਸਟਿਸ ਐੱਸ ਏ ਬੋਬੜੇ ਨੇ ਕਿਹਾ ਕਿ ਇਹ ਮਾਮਲਾ ਪੂਰੀ ਤਰ੍ਹਾਂ ਕਾਨੂੰਨੀ ਹੈ, ਅਜਿਹੇ ਵਿੱਚ ਕੇਸ ਦੀ ਸੁਣਵਾਈ ਦਸ ਦਿਨਾਂ ਵਿੱਚ ਪੂਰੀ ਕਰ ਲਈ ਜਾਵੇਗੀ। ਕੋਰਟ ਨੇ ਇਹ ਸੰਕੇਤ ਉਸ ਸਮੇਂ ਦਿੱਤੇ, ਜਦੋਂ ਸਾਲਿਸਟਰ ਜਨਰਲ ਨੇ ਕੋਰਟ ਵਿੱਚ ਇਸ ਦਾ ਜ਼ਿਕਰ ਕਰ ਕੇ ਵਕੀਲਾਂ ਦੀ ਬੈਠਕ ਵਿੱਚ ਕਾਨੂੰਨੀ ਸਵਾਲ ਤੈਅ ਕਰਨ ਉੱਤੇ ਆਮ ਰਾਇ ਨਾ ਬਣਨ ਦੀ ਗੱਲ ਕਹੀ। ਕੋਰਟ ਇਸ ਮਾਮਲੇ 'ਚ ਤਿੰਨ ਫਰਵਰੀ ਨੂੰ ਸੁਣਵਾਈ ਕਰੇਗਾ। ਇਹ ਮਾਮਲਾ ਕੇਰਲ ਦੇ ਸਬਰੀਮਾਲਾ ਮੰਦਰ 'ਚ ਔਰਤਾਂ ਦੇ ਜਾਣ, ਮਸਜਿਦ ਮਜਾਰਾਂ 'ਚ ਔਰਤਾਂ ਦੇ ਦਾਖਲ ਹੋਣ, ਬੋਹਰਾ ਮੁਸਲਮਾਨਾਂ 'ਚ ਔਰਤਾਂ ਦਾ ਖਤਨਾ ਅਤੇ ਪਾਰਸੀ ਔਰਤਾਂ ਦੇ ਗੈਰ ਪਾਰਸੀ ਨਾਲ ਵਿਆਹ ਕਰਨ 'ਤੇ ਅਗਰਹਾਰੀ ਵਿੱਚ ਦਾਖਲੇ 'ਤੇ ਪਾਬੰਦੀ ਨਾਲ ਜੁੜਿਆ ਹੈ। ਕੋਰਟ ਨੇ ਧਾਰਮਿਕ ਆਧਾਰਕ 'ਤੇ ਔਰਤਾਂ ਨਾਲ ਵਿਤਕਰੇ ਦੇ ਵਿਆਪਕ ਸਵਾਲ ਨੂੰ ਸੰਵਿਧਾਨਕ ਅਧਿਕਾਰਾਂ ਦੀ ਨਿਗਾਹ ਨਾਲ ਪਰਖਣ ਲਈ ਨੌਂ ਜੱਜਾਂ ਦੇ ਸੰਵਿਧਾਨਕ ਬੈਂਚ ਨੂੰ ਭੇਜਿਆ ਸੀ ਅਤੇ ਕੋਰਟ ਨੇ ਇਸ ਮੁੱਦੇ ਨੂੰ ਸਮੇਟਦੇ ਹੋਏ ਸੱਤ ਕਾਨੂੰਨੀ ਸਵਾਲ ਤੈਅ ਕੀਤੇ ਸਨ।

ਪਿਛਲੀ ਸੁਣਵਾਈ ਦੇ ਦੌਰਾਨ ਕੋਰਟ ਨੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ, ਇੰਦਰਾ ਜੈ ਸਿੰਘ, ਸੀ ਐੱਸ ਵੈਦਿਆਨਾਥਨ ਅਤੇ ਅਭਿਸ਼ੇਕ ਮਨੂੰ ਸਿੰਘਵੀ ਨੂੰ ਕਿਹਾ ਸੀ ਕਿ ਉਹ 17 ਜਨਵਰੀ ਨੂੰ ਬੈਠਕ ਕਰ ਕੇ ਸੰਵਿਧਾਨਕ ਬੈਂਚ ਨੂੰ ਵਿਚਾਰ ਲਈ ਭੇਜੇ ਗਏ ਸਵਾਲਾਂ ਨੂੰ ਰੀਫਰੇਮ ਕਰਨ ਜਾਂ ਉਸ ਵਿੱਚ ਕੁਝ ਹੋਰ ਜੋੜਨ ਦੀ ਲੋੜ 'ਤੇ ਵਿਚਾਰ ਕਰ ਕੇ ਸੁਣਵਾਈ ਦੇ ਸਵਾਲ ਤਿਆਰ ਕਰ ਲੈਣ। ਕੱਲ੍ਹ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ ਜਸਟਿਸ ਐੱਸ ਏ ਬੋਬਡੇ ਦੇ ਬੈਂਚ ਸਾਹਮਣੇ ਕੇਸ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਕੋਰਟ ਦੇ ਹੁਕਮ ਮੁਤਾਬਕ ਨੌਂ ਜੱਜਾਂ ਦੇ ਬੈਂਚ ਦੇ ਵਿਚਾਰ ਲਈ ਸਵਾਲ ਤਿਆਰ ਕਰਨ 'ਤੇ ਵਕੀਲਾਂ ਦੀ ਬੈਠਕ ਹੋਈ।

## 15 ਤੋਂ 18 ਸਾਲ ਦੀਆਂ ਚਾਲੀ ਫੀਸਦੀ ਲੜਕੀਆਂ ਸਕੂਲ ਨਹੀਂ ਜਾਂਦੀਆਂ



ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਸਿਖਿਆ ਦੇ ਅਧਿਕਾਰ ਬਾਰੇ ਕਾਨੂੰਨ ਲਾਗੂ ਹੋਣ ਦੇ 10 ਸਾਲ ਬਾਅਦ ਵੀ ਭਾਰਤ ਵਿੱਚ 15 ਤੋਂ 18 ਸਾਲਾਂ ਦੇ ਵਿਚਕਾਰਲੀ ਉਮਰ ਦੀਆਂ ਲਗਭਗ ਚਾਲੀ ਫੀਸਦੀ ਲੜਕੀਆਂ ਸਕੂਲ ਨਹੀਂ ਜਾਂਦੀਆਂ, ਜਦੋਂ ਕਿ ਗਰੀਬ ਘਰਾਂ ਦੀਆਂ 30 ਫੀਸਦੀ ਲੜਕੀਆਂ ਕਦੇ ਸਕੂਲ ਨਹੀਂ ਵੜੀਆਂ।

ਭਾਰਤ ਸਰਕਾਰ ਦੇ ਬਜਟ ਨੀਤੀ ਦੇ ਅਧਿਐਨਾਂ ਬਾਰੇ ਕੇਂਦਰ ਅਤੇ ਸਿਖਿਆ ਦੇ ਅਧਿਕਾਰ ਬਾਰੇ ਫੋਰਮ ਨੇ ਕਿਹਾ ਹੈ ਕਿ ਭਾਰਤ ਵਿੱਚ ਸਿਖਿਆ ਦੇ ਅਧਿਕਾਰ 'ਤੇ ਅਮਲ ਵਿੱਚ ਕੋਈ ਅਗਤੇ ਨਹੀਂ ਹੋਈ। ਇਸ ਵਿੱਚ ਕਿਹਾ ਗਿਆ ਹੈ ਕਿ ਸਕੂਲੀ ਵਿਦਿਆ ਲਈ ਸਰਕਾਰੀ ਪੈਸਾ ਦੇਣ ਵਿੱਚ ਬਹੁਤ ਲਾਪਰਵਾਹੀ ਵਰਤੀ ਗਈ ਹੈ। ਵਿਦਿਆ ਬਾਰੇ ਬਜਟ ਵਿੱਚ 2014-15 ਵਿੱਚ 4.14 ਫੀਸਦੀ ਰਕਮ ਤੈਅ ਕੀਤੀ ਗਈ ਸੀ ਅਤੇ ਸਾਲ 2019-20 ਵਿੱਚ ਘਟ ਕੇ 3.4 ਫੀਸਦੀ ਰਹਿ ਗਈ ਹੈ। ਇਹ ਅਧਿਐਨ ਵਿਸ਼ਵ ਬੈਂਕ ਅਤੇ ਯੂ ਐੱਨ ਓ ਦੇ ਅਦਾਰੇ ਯੂਨੀਸੈਫ ਦੀ ਮਦਦ ਨਾਲ ਤਿਆਰ ਕੀਤਾ ਗਿਆ ਹੈ। ਸਿਖਿਆ ਦੇ ਅਧਿਕਾਰ ਬਾਰੇ ਕਾਨੂੰਨ ਵਿੱਚ ਇਹ ਸ਼ਰਤ ਰੱਖੀ ਗਈ ਹੈ ਕਿ ਵਿਧਾਨ ਦੀ ਧਾਰਾ 21 ਏ ਹੇਠ ਛੇ ਤੋਂ 14 ਸਾਲ ਦੇ ਬੱਚਿਆਂ ਨੂੰ ਸਕੂਲ ਭੇਜਣਾ ਲਾਜ਼ਮੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਦਿਆ ਤੇ ਸ਼ਕਤੀਕਰਨ ਦਾ ਸੂਚਕ ਅੰਕ ਪ੍ਰਤੀ ਵਿਦਿਆਰਥੀ ਖਰਚੇ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ।

ਇਸ ਰਿਪੋਰਟ ਮੁਤਾਬਕ ਵਿਦਿਆ ਉਤੇ ਖਰਚ ਕਰਨ ਦੇ ਮਾਮਲੇ ਵਿੱਚ ਕੇਰਲ ਸਭ ਤੋਂ ਉਪਰ ਆਉਂਦਾ ਹੈ ਜਿੱਥੇ ਹਰ ਸਾਲ ਪ੍ਰਤੀ ਵਿਦਿਆਰਥੀ 11574 ਰੁਪਏ ਖਰਚ ਕੀਤੇ ਜਾਂਦੇ ਹਨ ਅਤੇ ਸਭ ਤੋਂ ਘੱਟ ਖਰਚ ਬਿਹਾਰ 'ਚ ਹੋ ਰਿਹਾ ਹੈ, ਜਿੱਥੇ ਸਿਖਿਆ 'ਤੇ ਪ੍ਰਤੀ ਵਿਦਿਆਰਥੀ 2869 ਰੁਪਏ ਖਰਚੇ ਜਾ ਰਹੇ ਹਨ।

## ਸਾਬਕਾ ਮੁੱਖ ਮੰਤਰੀ ਚੌਟਾਲਾ ਨੂੰ ਰਿਹਾਈ ਤੱਕ ਪੈਰੋਲ ਅਤੇ ਫਰਲੋ ਨਹੀਂ ਮਿਲੇਗੀ

ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਤਿਹਾੜ ਜੇਲ੍ਹ ਵਿੱਚ ਬੰਦ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੂੰ ਜੇਲ੍ਹ ਵਿੱਚ ਰਹਿਣ ਦੌਰਾਨ ਪੈਰੋਲ ਤੇ ਫਰਲੋ ਨਹੀਂ ਮਿਲੇਗੀ। ਫਰਵਰੀ ਮਹੀਨੇ ਵਿੱਚ ਉਨ੍ਹਾਂ ਨੂੰ ਆਪਣੇ ਪਰਵਾਰ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਹੋਵੇਗੀ। ਅਗਲੇ ਤਿੰਨ ਸਾਲ ਤੱਕ ਪੈਰੋਲ ਅਤੇ ਫਰਲੋ 'ਤੇ ਰੋਕ ਦੇ ਹੁਕਮ ਦਿੱਤੇ ਗਏ ਹਨ, ਪਰ ਇਸੇ ਸਾਲ ਦਸੰਬਰ ਵਿੱਚ ਉਨ੍ਹਾਂ ਦੀ ਸਜ਼ਾ ਪੂਰੀ ਹੋਣ 'ਤੇ ਉਹ ਰਿਹਾਅ ਹੋ ਜਾਣਗੇ।



ਵਰਨਣ ਯੋਗ ਹੈ ਕਿ ਜੇਲ੍ਹ ਵਿੱਚ ਓਮ ਪ੍ਰਕਾਸ਼ ਚੌਟਾਲਾ ਦੇ ਸੈੱਲ 'ਚੋਂ ਮੋਬਾਈਲ ਫੋਨ ਮਿਲਣ ਦੇ ਬਾਅਦ ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਅਦਾਲਤ ਤੋਂ ਉਨ੍ਹਾਂ ਵਿਰੁੱਧ ਸਜ਼ਾ ਦੀ ਸਿਫਾਰਸ਼ ਕੀਤੀ ਸੀ। ਇਸ ਉੱਤੇ ਅਦਾਲਤ ਨੇ ਪਿਛਲੇ ਹਫਤੇ ਮੋਹਰ ਲਾ ਦਿੱਤੀ ਸੀ। ਹੁਕਮ ਦੀ ਕਾਪੀ ਤਿਹਾੜ ਜੇਲ੍ਹ ਪੁੱਜਣ ਦੇ ਬਾਅਦ ਜੇਲ੍ਹ ਪ੍ਰਸ਼ਾਸਨ ਨੇ ਇੱਕ ਤੋਂ 29 ਫਰਵਰੀ ਤੱਕ ਦੇ ਲਈ ਚੌਟਾਲਾ ਨੂੰ ਉਨ੍ਹਾਂ ਦੇ ਪਰਵਾਰ ਨੂੰ ਮਿਲਣ 'ਤੇ ਰੋਕ ਲਾ ਦਿੱਤੀ ਹੈ। ਉਂਝ ਜ਼ਿਲਾ ਅਤੇ ਸੈਸ਼ਨ ਜੱਜ ਦੇ ਇਸ ਫੈਸਲੇ ਖਿਲਾਫ ਉਪਰਲੀ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ। ਤਿਹਾੜ ਜੇਲ੍ਹ ਨੰਬਰ ਦੋ ਵਿੱਚ ਬੰਦ ਓਮ ਪ੍ਰਕਾਸ਼ ਚੌਟਾਲਾ ਦੇ ਸੈਲ 'ਚੋਂ ਮੋਬਾਈਲ ਦੀ ਬਰਾਮਦਗੀ ਹੋਈ ਸੀ, ਪ੍ਰੰਤੂ ਉਸੇ ਸੈੱਲ ਵਿੱਚ ਬੰਦ ਦੂਸਰੇ ਕੈਦੀ ਨੇ ਮੋਬਾਈਲ ਨੂੰ ਆਪਣਾ ਦੱਸਿਆ ਸੀ। ਜੇਲ੍ਹ ਪ੍ਰਸ਼ਾਸਨ ਨੇ ਦਿੱਲੀ ਪੁਲਸ ਦੀ ਮਦਦ ਨਾਲ ਫੋਨ ਕਾਲ ਦੀ ਜਾਂਚ ਕਰਾਈ ਤਾਂ ਪਤਾ ਲੱਗਾ ਕਿ ਉਸ ਫੋਨ ਤੋਂ ਚੌਟਾਲਾ ਵੀ ਘਰ ਦਿਆਂ ਨਾਲ ਗੱਲ ਕਰਦੇ ਸਨ।

## ਚਾਰ ਵਿਧਾਇਕਾਂ ਦੀ ਮੈਂਬਰੀ ਰੱਦ ਕਰਨ ਦਾ ਰਿਕਾਰਡ ਤਲਬ

ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਹਰਿਆਣਾ ਵਿੱਚ ਨਵੀਂ ਬਣੀ ਜੇ ਜੇ ਪੀ (ਜਨਨਾਇਕ ਜਨਤਾ ਪਾਰਟੀ) ਦੀ ਵਿਧਾਇਕ ਨੈਨਾ ਚੌਟਾਲਾ ਤੇ ਤਿੰਨ ਹੋਰ ਵਿਧਾਇਕਾਂ ਦੀ ਮੈਂਬਰੀ ਰੱਦ ਕਰਨ ਦੇ ਕੇਸ ਵਿੱਚ ਹਾਈ ਕੋਰਟ ਨੇ ਕੱਲ੍ਹ ਸਭਨਾਂ ਧਿਰਾਂ ਕੋਲੋਂ ਇਸ ਕੇਸ ਨਾਲ ਸੰਬੰਧਤ ਰਿਕਾਰਡ ਤਲਬ ਕਰ ਲਿਆ ਹੈ। ਵਰਨਣ ਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਦੇ ਇਸ ਫੈਸਲੇ ਵਿਰੁੱਧ ਕੱਲ੍ਹ ਹਾਈ ਕੋਰਟ ਵਿੱਚ ਸੁਣਵਾਈ ਹੋਈ ਸੀ। ਇਸ ਕੇਸ ਵਿੱਚ ਦਾਇਰ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਵਿਧਾਨ ਸਭਾ ਸਪੀਕਰ ਨੇ ਮੀਡੀਆ ਰਿਪੋਰਟਾਂ ਦੇ ਆਧਾਰ ਉੱਤੇ ਹੀ ਆਪਣਾ ਫੈਸਲਾ ਸੁਣਾਇਆ ਹੈ। ਇਨ੍ਹਾਂ ਵਿਧਾਇਕਾਂ ਨੇ ਪਿਛਲੇ ਦਿਨੀਂ ਵਿਧਾਨ ਸਭਾ ਮੁਖੀ ਨੂੰ ਆਪਣਾ ਅਸਤੀਫਾ ਸੌਂਪਿਆ ਸੀ, ਜਿਸ ਮਗਰੋਂ ਇਨੈਲੋ ਆਗੂ ਅਭੈ ਸਿੰਘ ਚੌਟਾਲਾ ਨੇ ਦਲ ਬਦਲੂ ਕਾਨੂੰਨ ਹੇਠ ਇਨ੍ਹਾਂ ਚਾਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਸੀ। ਇਨ੍ਹਾਂ ਵਿਧਾਇਕਾਂ ਵਿੱਚ ਨੈਨਾ ਚੌਟਾਲਾ ਸ਼ਾਮਲ ਸਨ, ਜੋ ਜਨਨਾਇਕ ਜਨਤਾ ਪਾਰਟੀ (ਜਜਪਾ) ਦੇ ਨੇਤਾ ਦੁਸ਼ਿਅੰਤ ਚੌਟਾਲਾ ਦੀ ਮਾਂ ਹੈ। ਇਨ੍ਹਾਂ ਨਾਲ ਰਾਜਦੀਪ ਫੋਗਾਟ, ਅਨੂਪ ਧਾਨਕ, ਪਿਰਥੀ ਨੰਬਰਦਾਰ ਤੇ ਨਸੀਮ ਅਹਿਮਦ ਨੂੰ ਸਪੀਕਰ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਹਰਿਆਣਾ ਵਿਧਾਨ ਸਭਾ ਸਪੀਕਰ ਕੰਵਰਪਾਲ ਗੁੱਜਰ ਨੇ ਇੱਕ ਸ਼ਿਕਾਇਤ 'ਤੇ ਇਨ੍ਹਾਂ ਚਾਰ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਸੀ। ਦੂਜੀ ਸ਼ਿਕਾਇਤ 'ਤੇ ਨਸੀਮ ਅਹਿਮਦ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ। ਬਿਨਾਂ ਅਸਤੀਫਾ ਦਿੱਤੇ ਇਨੈਲੋ ਛੱਡ ਕੇ ਪਹਿਲਾਂ ਕਾਂਗਰਸ ਵਿੱਚ ਅਤੇ ਬਾਅਦ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਨਸੀਮ ਅਹਿਮਦ ਨੂੰ ਵੀ ਸੁਣਵਾਈ ਲਈ ਨਾ ਪੁੱਜਣ 'ਤੇ ਐਕਸ ਪਾਰਟੀ ਮੰਨਦੇ ਹੋਏ ਅਯੋਗ ਕਰਾਰ ਦਿੱਤਾ ਗਿਆ ਸੀ।

## ਗੁਜਰਾਤ ਦੰਗਿਆਂ ਦੇ 15 ਦੋਸ਼ੀਆਂ ਨੂੰ ਸੁਪਰੀਮ ਕੋਰਟ ਤੋਂ ਸ਼ਰਤਾਂ ਨਾਲ ਜ਼ਮਾਨਤ

ਨਵੀਂ ਦਿੱਲ੍ਹੀ, 29 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 2002 'ਚ ਗੋਧਰਾ ਕਾਂਡ ਤੋਂ ਬਾਅਦ ਓਡੇ ਕਸਬੇ 'ਚ ਹੋਏ ਕਤਲੇਆਮ ਦੇ ਕੇਸ ਵਿੱਚ ਮੌਤ ਤੱਕ ਜੇਲ੍ਹ ਦੀ ਸਜ਼ਾ ਭੁਗਤ ਰਹੇ 15 ਦੋਸ਼ੀਆਂ ਨੂੰ ਸ਼ਰਤਾਂ ਨਾਲ ਜ਼ਮਾਨਤ ਦੇ ਦਿੱਤੀ ਹੈ। ਇਨ੍ਹਾਂ ਸ਼ਰਤਾਂ ਮੁਤਾਬਕ ਦੋਸ਼ੀਆਂ ਨੂੰ ਗੁਜਰਾਤ ਦੀ ਥਾਂ 'ਤੇ ਮੱਧ ਪ੍ਰਦੇਸ਼ ਜਾਣਾ ਅਤੇ ਉਥੇ ਸਮਾਜ ਸੇਵਾ ਕਰਨਾ ਸ਼ਾਮਲ ਹੈ। ਚੀਫ਼ ਜਸਟਿਸ ਐੱਸ ਏ ਬੋਬਡੇ, ਜਸਟਿਸ ਬੀ ਆਰ ਗਵਈ ਅਤੇ ਸੂਰਯ ਕਾਂਤ ਦੀ ਤਿੰਨ ਮੈਂਬਰੀ ਬੈਂਚ ਨੇ ਦੋਸ਼ੀਆਂ ਨੂੰ ਜ਼ਮਾਨਤ ਦੇਣ ਸਮੇਂ ਉਨ੍ਹਾਂ ਨੂੰ ਦੋ



ਗਰੁੱਪਾਂ 'ਚ ਵੰਡ ਕੇ ਕਿਹਾ ਕਿ ਇੱਕ ਗਰੁੱਪ ਮੱਧ ਪ੍ਰਦੇਸ਼ ਦੇ ਇੰਦੌਰ ਅਤੇ ਦੂਜਾ ਜੱਬਲਪੁਰ 'ਚ ਰਹੇਗਾ। ਇਨ੍ਹਾਂ ਸਭ ਦੋਸ਼ੀਆਂ 'ਤੇ ਓਡੇ ਕਸਬੇ 'ਚ ਹੋਏ ਦੰਗਿਆਂ ਦੌਰਾਨ 23 ਲੋਕਾਂ ਨੂੰ ਜ਼ਿੰਦਾ ਸਾੜ ਦੇਣ ਦਾ ਦੋਸ਼ ਹੈ। ਸ਼ਰਤਾਂ ਨਾਲ ਦਿੱਤੀ ਜ਼ਮਾਨਤ ਵਿੱਚ ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਸਾਰੇ ਦੋਸ਼ੀਆਂ ਨੂੰ ਹਰ ਹਫ਼ਤੇ ਛੇ ਘੰਟੇ ਸਮਾਜ ਸੇਵਾ ਕਰਨੀ ਪਵੇਗੀ ਅਤੇ ਸਥਾਨਕ ਥਾਣੇ ਜਾ ਕੇ ਹਾਜ਼ਰੀ ਲਵਾਉਣੀ ਪਵੇਗੀ।

ਸੁਪਰੀਮ ਕੋਰਟ ਨੇ ਇੰਦੌਰ ਤੇ ਜੱਬਲਪੁਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਨ੍ਹਾਂ ਦੋਸ਼ੀਆਂ ਲਈ ਰੁਜ਼ਗਾਰ ਦੀ ਵਿਵਸਥਾ ਕਰਨ ਨੂੰ ਵੀ ਕਿਹਾ ਅਤੇ ਨਾਲ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਨੂੰ ਵੀ ਕਿਹਾ ਕਿ ਦੋਸ਼ੀ ਸਮਾਜ ਸੇਵਾ ਅਤੇ ਅਧਿਆਤਮਕ ਕਾਰਜਾਂ 'ਚ ਸ਼ਾਮਲ ਰਹਿਣ। ਅਦਾਲਤ ਨੇ ਪ੍ਰਸ਼ਾਸਨ ਨੂੰ ਤਿੰਨ ਮਹੀਨਿਆਂ ਬਾਅਦ ਇਹ ਰਿਪੋਰਟ ਦੇਣ ਨੂੰ ਕਿਹਾ ਕਿ ਦੋਸ਼ੀਆਂ ਨੇ ਸ਼ਰਤਾਂ ਦੀ ਪਾਲਣਾ ਕੀਤੀ ਹੈ ਜਾਂ ਨਹੀਂ।

## ਭਾਜਪਾ ਵਿਧਾਇਕ ਵੱਲੋਂ ਵੀ ਨਵੇਂ ਨਾਗਰਿਕਤਾ ਕਾਨੂੰਨ ਦਾ ਵਿਰੋਧ

ਭੋਪਾਲ, 29 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮਹਿਰ ਅਸੈਂਬਲੀ ਹਲਕੇ ਦੇ ਭਾਜਪਾ ਵਿਧਾਇਕ ਨਾਰਾਇਣ ਤ੍ਰਿਪਾਠੀ ਨੇ ਨਵੇਂ ਨਾਗਰਿਕਤਾ ਕਾਨੂੰਨ (ਸੀ ਏ ਏ) ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਦੇਸ਼ ਵਿੱਚ ਗ੍ਰਹਿ ਯੁੱਧ ਦੇ ਹਾਲਾਤ ਬਣ ਰਹੇ ਹਨ, ਜੋ ਦੇਸ਼ ਲਈ ਮਾਰੂ ਹਨ। ਉਨ੍ਹਾਂ ਆਪਣੀ ਹੀ ਪਾਰਟੀ ਉੱਤੇ ਸੀ ਏ ਏ ਲਾਗੂ ਕਰ ਕੇ ਦੇਸ਼ ਨੂੰ ਧਰਮ ਦੇ ਆਧਾਰ 'ਤੇ ਵੰਡਣ ਦਾ ਦੋਸ਼ ਲਾਇਆ। ਉਨ੍ਹਾਂ ਇਹ ਵਿਅੰਗ ਕੀਤਾ ਕਿ ਭੀਮ ਰਾਓ ਅੰਬੇਦਕਰ ਦਾ ਲਿਖਿਆ ਸੰਵਿਧਾਨ ਭਾਜਪਾ ਨੂੰ ਪਾੜ ਦੇਣਾ ਚਾਹੀਦਾ ਤੇ ਵੱਖਰਾ ਸੰਵਿਧਾਨ ਬਣਾ ਕੇ ਉਸ ਨਾਲ ਦੇਸ਼ ਚਲਾਉਣਾ ਚਾਹੀਦਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਦੇ ਦੌਰਾਨ ਤ੍ਰਿਪਾਠੀ ਨੇ ਕਿਹਾ, ਜਦ ਮੈਂ ਮਹਿਸੂਸ ਕੀਤਾ ਤਾਂ ਮੈਂ ਸੀ ਏ ਏ ਦਾ ਵਿਰੋਧ ਕੀਤਾ ਹੈ। ਇਹ ਮੇਰੇ ਵਿਧਾਨ ਸਭਾ ਹਲਕੇ ਦੀ ਨਹੀਂ, ਹਰ ਥਾਂ ਦੀ ਹਾਲਤ ਹੈ। ਸਾਡੇ ਹਿੰਦੁਸਤਾਨ ਦੇ ਹਰ ਗਲੀ ਮੁਹੱਲੇ ਵਿੱਚ ਗ੍ਰਹਿ ਯੁੱਧ ਦੇ ਹਾਲਾਤ ਹਨ। ਇਹ ਦੇਸ਼ ਲਈ ਮਾਰੂ ਹੈ। ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਭਾਜਪਾ ਛੱਡ ਕੇ ਕਾਂਗਰਸ ਵਿੱਚ ਜਾਣ ਬਾਰੇ ਸੋਚ ਰਹੇ ਹਨ ਤਾਂ ਉਨ੍ਹਾਂ ਕਿਹਾ, ਮੇਰਾ ਕਾਂਗਰਸ ਵਿੱਚ ਜਾਣ ਦਾ ਕੋਈ ਇਰਾਦਾ ਨਹੀਂ ਤੇ ਨਾ ਭਾਜਪਾ ਤੋਂ ਵੱਖ ਹੋਣ ਦਾ ਮਾਮਲਾ ਹੈ। ਇਹ ਮੇਰਾ ਨਿੱਜੀ ਵਿਚਾਰ ਹੈ। ਜੋ ਮੈਂ ਅਨੁਭਵ ਕੀਤਾ, ਉਸੇ ਦੀ ਗੱਲ ਕਰ ਰਿਹਾ ਹਾਂ। ਉਨ੍ਹਾਂ ਕਿਹਾ, ਸੀ ਏ ਏ ਨਾਲ ਸਿਰਫ ਭਾਜਪਾ ਨੂੰ ਵੋਟ ਦਾ ਲਾਭ ਹੋਣਾ ਹੈ, ਦੇਸ਼ ਨੂੰ ਕੋਈ ਲਾਭ ਨਹੀਂ। ਉਨ੍ਹਾਂ ਮਿਸਾਲ ਦੇ ਕੇ ਗੱਲ ਸਮਝਾਈ ਕਿ ਮਹਿਰ ਦੇ



ਖਰੋਂਧੀ ਪਿੰਡ ਦੇ ਸ਼ੁਕਲਾ ਪਰਵਾਰ ਨੇ ਕਿਹਾ ਹੈ ਕਿ ਸੀ ਏ ਏ ਲਾਗੂ ਹੋਣ ਪਿੱਛੋਂ ਹਾਲਾਤ ਏਨੇ ਵਿਗੜ ਗਏ ਹਨ ਕਿ ਗੁਆਂਢੀ ਭੱਠੀਆ ਪਿੰਡ ਦੇ ਜਿਹੜੇ ਮੁਸਲਮਾਨ ਪਹਿਲਾਂ ਉਸ ਨੂੰ ਪਿੰਡ ਜਾਣ ਉਤੇ ਖੜ੍ਹੇ ਹੋ ਕੇ 'ਪੰਡਤ ਜੀ ਪੈਰੀਂ ਪੈਂਦੇ ਹਾਂ' ਕਹਿੰਦੇ ਸਨ, ਉਹ ਮਹੀਨਾ ਦੋ ਮਹੀਨੇ ਤੋਂ ਸਾਡੇ ਵੱਲ ਵੇਖਦੇ ਤੱਕ ਨਹੀਂ। ਤ੍ਰਿਪਾਠੀ ਨੇ ਕਿਹਾ, ਸੀ ਏ ਏ ਭਾਜਪਾ ਲੈ ਆਈ ਹੈ ਤਾਂ ਅੰਬੇਦਕਰ ਦੇ ਸੰਵਿਧਾਨ ਨੂੰ ਪਾੜ ਕੇ ਸੁਟਵਾ ਦਿਓ ਜਾਂ ਭਾਜਪਾ ਦਾ ਵੱਖਰਾ ਸੰਵਿਧਾਨ ਬਣ ਜਾਵੇ ਅਤੇ ਉਸ ਸੰਵਿਧਾਨ ਮੁਤਾਬਕ ਦੇਸ਼ ਚੱਲੇ। ਜੇ ਅੰਬੇਦਕਰ ਨੂੰ ਮੰਨਦੇ ਹੋ ਤਾਂ ਅੰਬੇਦਕਰ ਨੇ ਕਿਹਾ ਸੀ ਕਿ ਇਥੇ ਸਾਰੇ ਧਰਮਾਂ ਦੇ ਲੋਕ ਰਹਿਣਗੇ ਅਤੇ ਹਿੰਦੁਸਤਾਨ ਚੱਲੇਗਾ। ਸੰਵਿਧਾਨ ਵਿੱਚ ਧਰਮ ਦੇ ਨਾਂਅ 'ਤੇ ਅਤੇ ਨਾਗਰਿਕਤਾ ਦੇ ਨਾਂਅ 'ਤੇ ਦੇਸ਼ ਦੀ ਵੰਡ ਨਹੀਂ ਹੋ ਸਕਦੀ। ਤ੍ਰਿਪਾਠੀ ਨੇ ਕਿਹਾ, ਤੁਸੀਂ ਏਕਤਾ ਅਤੇ ਅਖੰਡਤਾ ਦੀ ਗੱਲ ਕਰਦੇ ਹੋ ਅਤੇ ਅੱਗ ਲਾਉਣ ਦਾ ਕੰਮ ਵੀ ਕਰਦੇ ਹੋ। ਕੌਮੀ ਨਾਗਰਿਕ ਰਜਿਸਟਰੇਸ਼ਨ ਬਾਰੇ ਤ੍ਰਿਪਾਠੀ ਨੇ ਕਿਹਾ ਕਿ ਜਦ ਪਿੰਡ ਦਾ ਆਦਮੀ ਰਾਸ਼ਨ ਕਾਰਡ ਬਣਾਉਣ ਦੇ ਵੀ ਸਮਰੱਥ ਨਹੀਂ ਤਾਂ ਆਪਣੀ ਨਾਗਰਿਕਤਾ ਕਿਵੇਂ ਸਿੱਧ ਕਰੇਗਾ। ਉਨ੍ਹਾਂ ਕਿਹਾ ਕਿ ਇਸ ਦੇਸ਼ ਵਿੱਚ ਦੋਗਲੀ ਨੀਤੀ ਨਹੀਂ ਚੱਲ ਸਕਦੀ।



## ਚੀਨ ਤੇ ਅਮਰੀਕਾ ਪਿੱਛੋਂ ਲੰਡਨ ਵਿੱਚ ਹਨ ਸਭ ਤੋਂ ਵੱਧ ਭਾਰਤੀ ਵਿਦਿਆਰਥੀ



ਲੰਡਨ, 29 ਜਨਵਰੀ (ਪੋਸਟ ਬਿਊਰੋ)- ਚੀਨ ਤੇ ਅਮਰੀਕਾ ਤੋਂ ਬਾਅਦ ਲੰਡਨ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਸਭ ਤੋਂ ਵੱਧ ਵਿਦਿਆਰਥੀ ਭਾਰਤ ਦੇ ਹਨ। ਬੁੱਧਵਾਰ ਜਾਰੀ ਹੋਏ ਯੂ ਕੇ ਦੀ ਹਾਇਰ ਐਜੂਕੇਸ਼ਨ ਸਟੈਟਿਸਟਿਕਸ ਏਜੰਸੀ (ਐੱਚ ਈ ਐੱਸ ਏ) ਦੇ ਅੰਕੜਿਆਂ ਮੁਤਾਬਕ 2018-19 ਵਿੱਚ ਲੰਡਨ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 34.7 ਫ਼ੀਸਦੀ ਦਾ ਵਾਧਾ ਹੋਇਆ ਹੈ। ਇਹ ਵਾਧਾ 2011-12 ਮਗਰੋਂ ਸਭ ਤੋਂ ਵੱਧ ਹੈ। ਇਸ ਤੋਂ ਪਹਿਲਾਂ ਤੀਜੇ ਥਾਂ ਉੱਤੇ ਇਟਲੀ ਸੀ, ਜਿਹੜਾ ਚੌਥੇ ਸਥਾਨ ਉੱਤੇ ਚਲਾ ਗਿਆ ਤੇ ਪੰਜਵੀਂ ਥਾਂ ਉੱਤੇ ਫਰਾਂਸ ਹੈ।

ਇਸ ਸੰਬੰਧ ਵਿੱਚ ਲੰਡਨ ਦੇ ਮੇਅਰ ਦੀ ਸਰਕਾਰੀ ਪ੍ਰਚਾਰ ਏਜੰਸੀ ਲੰਡਨ ਐਂਡ ਪਾਰਟਨਰਸ ਨੇ ਕਿਹਾ ਕਿ ਲੰਡਨ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਦਾ ਵਾਧਾ ਚੰਗੀ ਗੱਲ ਹੈ। ਉਹ ਫਿਰ ਤੀਜੇ ਥਾਂ ਆ ਗਏ ਹਨ। ਤਿੰਨ ਸਾਲ ਪਹਿਲਾਂ ਵੀ ਉਹ ਇਸ ਸਥਾਨ ਉੱਤੇ ਸਨ। ਪਿੱਛੇ ਜਿਹੇ ਬ੍ਰਿਟੇਨ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦੋ ਸਾਲ ਦੇ ਪੋਸਟ ਸਟਡੀ ਵੀਜ਼ਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਨਾਲ ਦੂਜੇ ਦੇਸ਼ਾਂ ਦੇ ਗ੍ਰੈਜੂਏਟ ਪੜ੍ਹਾਈ ਦੇ ਬਾਅਦ ਬ੍ਰਿਟੇਨ ਵਿੱਚ ਰੁਜ਼ਗਾਰ ਲੱਭਣ ਲਈ ਵਧੇਰੇ ਦਿਨ ਰੁਕ ਸਕਣਗੇ। 2018-19 ਵਿੱਚ ਲੰਡਨ ਦੀਆਂ ਯੂਨੀਵਰਸਿਟੀਆਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕੁਲ ਗਿਣਤੀ 125,035 ਸੀ। ਚੀਨ ਦੇ ਸਭ ਤੋਂ ਵੱਧ ਵਿਦਿਆਰਥੀ ਲੰਡਨ ਵਿੱਚ ਪੜ੍ਹਦੇ ਹਨ। ਇਨ੍ਹਾਂ ਦੀ ਗਿਣਤੀ 25,650 ਹੈ। ਦੂਜੇ ਨੰਬਰ ਉੱਤੇ ਅਮਰੀਕਾ ਹੈ, ਜਿਸ ਦੇ 7,460 ਵਿਦਿਆਰਥੀ ਪੜ੍ਹਦੇ ਹਨ। ਭਾਰਤ ਦੇ 7,158 ਵਿਦਿਆਰਥੀ ਲੰਡਨ ਦੀਆਂ ਯੂਨੀਵਰਸਿਟੀਆਂ ਵਿੱਚ ਹਨ।

## ਅਲਬਾਮਾ ਵਿੱਚ 35 ਕਿਸ਼ਤੀਆਂ ਨੂੰ ਅੱਗ ਨਾਲ ਅੱਠ ਦੀ ਮੌਤ





ਵਾਸ਼ਿੰਗਟਨ, 29 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਅਲਬਾਮਾ ਸੂਬੇ ਵਿੱਚ ਸੋਮਵਾਰ ਰਾਤ ਇੱਕ ਬੋਟ ਡੌਕ ਵਿੱਚ ਭਿਆਨਕ ਅੱਗ ਲੱਗਣ ਨਾਲ 35 ਕਿਸ਼ਤੀਆਂ ਸੜ ਗਈਆਂ। ਇਸ ਘਟਨਾ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਜ਼ਖਮੀ ਹੋ ਗਏ। ਹਾਦਸੇ ਦੌਰਾਨ ਡੌਕ 'ਤੇ ਸੌਂ ਰਹੇ ਕਈ ਲੋਕਾਂ ਨੇ ਨਹਿਰ ਵਿੱਚ ਛਾਲ ਮਾਰ ਕੇ ਜਾਨ ਬਚਾਈ। ਘਟਨਾ ਸੂਬੇ ਦੇ ਜੈਕਸਨ ਕਾਊਂਟੀ ਪਾਰਕ ਵਿੱਚ ਟੈਨੇਸੀ ਨਹਿਰ ਦੇ ਤੱਟ 'ਤੇ ਵਾਪਰੀ।

ਸਕਾਟਸਬਰੋ ਸ਼ਹਿਰ ਦੇ ਫਾਇਰ ਬ੍ਰਿਗੇਡ ਮੁਖੀ ਜੀਨ ਨੈਕਲੈਸ ਨੇ ਕਿਹਾ ਕਿ ਮ੍ਰਿਤਕਾਂ ਦੀ ਗਿਣਤੀ ਵੱਧ ਸਕਦੀ ਹੈ ਕਿਉਂਕਿ ਅਸੀਂ ਇਹ ਨਹੀਂ ਜਾਣਦੇ ਕਿ ਕਿਸ਼ਤੀਆਂ 'ਤੇ ਕਿੰਨੇ ਲੋਕ ਮੌਜੂਦ ਸਨ। ਪਾਣੀ ਵਿੱਚ ਛਾਲ ਮਾਰ ਕੇ ਆਪਣੀ ਜਾਨ ਬਚਾਉਣ ਵਾਲੇ ਟੀ ਮੀ ਜੋਨਸ ਨੇ ਕਿਹਾ ਕਿ ਤੇਜ਼ ਹਵਾਵਾਂ ਕਾਰਨ ਅੱਗ ਏਨੀ ਤੇਜ਼ੀ ਨਾਲ ਫੈਲ ਗਈ ਕਿ ਅਸੀਂ ਕੁਝ ਨਹੀਂ ਕਰ ਸਕੇ। ਅਸੀਂ ਮਜਬੂਰ ਹੋ ਕੇ ਦੇਖਦੇ ਰਹੇ ਤੇ ਇੱਕ ਛੋਟੀ ਕਿਸ਼ਤੀ 'ਤੇ ਸਵਾਰ ਇੱਕ ਔਰਤ ਤੇ ਉਸ ਦੇ ਬੱਚੇ ਅੱਗ ਵਿੱਚ ਸੜ ਗਏ। ਦੂਜੀ ਕਿਸ਼ਤੀ ਵਿੱਚ ਸਵਾਰ ਜੋਨਸ ਦੇ ਭਰਾ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਮੌਕੇ ਤੋਂ ਥੋੜ੍ਹੀ ਦੂਰ ਇੱਕ ਕਿਸ਼ਤੀ 'ਤੇ ਆਪਣੇ ਪ੍ਰੇਮੀ ਨਾਲ ਮੌਜੂਦ ਮੈਂਡੀ ਡਰਹਮ ਨੇ ਕਿਹਾ ਕਿ ਲੋਕਾਂ ਦਾ ਰੌਲਾ ਸੁਣ ਕੇ ਸਾਡੀ ਨੀਂਦ ਖੁੱਲ੍ਹੀ। 15 ਤੋਂ 20 ਮਿੰਟ ਦੇ ਅੰਦਰ ਹੀ ਪੂਰੇ ਡੌਕ ਤੋਂ ਅੱਗ ਦੀਆਂ ਲਾਟਾਂ ਉਠਣ ਲੱਗੀਆਂ ਸਨ। ਅੱਗ ਕਾਂਡ ਵਿੱਚ ਜੋ ਕਿਸ਼ਤੀਆਂ ਤਬਾਹ ਹੋਈਆਂ ਹਨ, ਉਨ੍ਹਾਂ 'ਤੇ ਕਈ ਲੋਕਾਂ ਨੇ ਸਥਾਈ ਤੌਰ 'ਤੇ ਆਪਣਾ ਆਸ਼ਿਆਨਾ ਬਣਆ ਹੋਇਆ ਸੀ, ਜਦ ਕਿ ਕੁਝ 'ਤੇ ਲੋਕ ਹਫਤੇ ਦੇ ਅਖੀਰ ਵਿੱਚ ਰਹਿਣ ਲਈ ਆਉਂਦੇ ਸਨ।

## ਪਾਕਿਸਤਾਨ ਵਿੱਚ ਅਣਖ ਖਾਤਰ ਪਰਵਾਰ ਦੇ ਛੇ ਜੀਆਂ ਦਾ ਕਤਲ



ਕਰਾਚੀ, 29 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ 'ਚ ਅਣਖ ਖਾਤਰ ਹੱਤਿਆ ਦੇ ਇੱਕ ਹੌਲਨਾਕ ਮਾਮਲੇ ਵਿੱਚ ਇੱਕੋ ਪਰਵਾਰ ਦੇ ਛੇ ਜੀਆਂ ਨੂੰ ਸੁੱਤੇ ਪਿਆਂ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ ਹੈ। ਮ੍ਰਿਤਕਾਂ ਵਿੱਚ ਦੋ ਔਰਤਾਂ ਤੇ ਇੱਕ ਬੱਚਾ ਵੀ ਸ਼ਾਮਲ ਹੈ ਅਤੇ ਘਟਨਾ ਸਿੰਧ ਸੂਬੇ ਵਿੱਚ ਵਾਪਰੀ ਹੈ।

ਪੁਲਸ ਮੁਤਾਬਕ ਲੜਕੀ ਨਸਰੀਨ ਬਰੋਹੀ ਦਾ ਪਿਤਾ ਅਤੇ ਰਿਸ਼ਤੇਦਾਰ, ਜੋ ਬਰੋਹੀ ਕਬੀਲੇ ਵਿੱਚੋਂ ਹਨ, ਮੁਰਤਜ਼ਾ ਰੀਂਦ ਦੇ ਘਰ ਸੋਮਵਾਰ ਦੇਰ ਰਾਤ ਗਏ ਅਤੇ ਸੌਂ ਰਹੇ ਮੁਰਤਜ਼ਾ ਤੇ ਪੰਜ ਹੋਰਾਂ ਨੂੰ ਗੋਲੀਆਂ ਮਾਰ ਦਿੱਤੀਆਂ। ਮੁਰਤਜ਼ਾ ਦੀ ਪਤਨੀ ਨਸਰੀਨ ਨੇ ਮਰਜ਼ੀ ਨਾਲ ਵਿਆਹ ਕੀਤਾ ਸੀ, ਹਨੇਰੇ ਕਾਰਨ ਬਚਣ 'ਚ ਸਫਲ ਹੋ ਗਈ। ਮ੍ਰਿਤਕਾਂ ਵਿੱਚ ਮੁਰਤਜ਼ਾ ਦੇ ਦੋ ਭਰਾ, ਦੋ ਭੈਣਾਂ ਤੇ ਬੱਚਾ ਸ਼ਾਮਲ ਹੈ। ਨਸਰੀਨ ਫਿਲਹਾਲ ਪੁਲਸ ਸੁਰੱਖਿਆ ਹੇਠ ਹੈ ਤੇ ਉਸ ਦੇ ਪਿਤਾ ਰਫੀਕ ਬਰੋਹੀ ਤੇ ਭਰਾਵਾਂ ਦੀ ਭਾਲ ਕੀਤੀ ਜਾ ਰਹੀ ਹੈ। ਸੀਨੀਅਰ ਪੁਲਸ ਅਧਿਕਾਰੀ ਨਈਮ ਸ਼ੇਖ ਨੇ ਦੱਸਿਆ ਕਿ ਨਸਰੀਨ ਨੇ ਮੁਰਤਜ਼ਾ ਨਾਲ ਜਨਵਰੀ 2018 'ਚ ਘਰੋਂ ਭੱਜ ਕੇ ਵਿਆਹ ਕਰਵਾਇਆ ਸੀ। ਇਸ ਤੋਂ ਬਾਅਦ ਬਰੋਹੀ ਤੇ ਰੀਂਦ ਕਬੀਲਿਆਂ ਵਿਚ ਕਬੀਲਾ ਕੌਂਸਲ ਨੇ ਸਮਝੌਤਾ ਕਰਾਇਆ ਸੀ ਤੇ ਉਹ ਮਾਪਿਆਂ ਦੇ ਘਰ ਪਰਤੀ ਸੀ। ਮੁਰਤਜ਼ਾ ਨੇ ਸਮਝੌਤੇ ਤਹਿਤ ਲੜਕੀ ਦੇ ਪਿਤਾ ਨੂੰ ਕਰੀਬ 12 ਲੱਖ ਰੁਪਏ ਜੁਰਮਾਨੇ ਵਜੋਂ ਦਿੱਤੇ ਹਨ। ਨਸਰੀਨ ਮੁਤਾਬਕ ਪਰਵਾਰ ਨੇ ਉਸ ਨੂੰ ਜਤੋਈ ਕਬੀਲੇ ਕੋਲ ਵੇਚ ਦਿੱਤਾ ਸੀ, ਜਿੱਥੋਂ ਉਹ ਭੱਜ ਕੇ ਫਿਰ ਆਪਣੇ ਪਤੀ ਦੇ ਘਰ ਪੁੱਜ ਗਈ। ਇਸ ਮਗਰੋਂ ਉਹ ਖੁਸ਼ੀ ਨਾਲ ਰਹਿ ਰਹੇ ਸਨ। ਲੜਕੀ ਮੁਤਬਕ ਪਿਤਾ ਤੇ ਰਿਸ਼ਤੇਦਾਰਾਂ ਨੇ ਉਸ ਨੂੰ ਮੁਆਫ ਨਹੀਂ ਕੀਤਾ ਤੇ ਹਮਲਾ ਕਰ ਦਿੱਤਾ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਸੰਗਠਨ ਦੀ ਰਿਪੋਰਟ ਮੁਤਾਬਕ ਬੇਹੱਦ ਰੂੜੀਵਾਦੀ ਮੁਲਕ ਦੇ ਕੁਝ ਇਲਾਕਿਆਂ ਵਿੱਚ ਅਣਖ ਖਾਤਰ ਕਰੀਬ 1000 ਲੜਕੀਆਂ ਤੇ ਔਰਤਾਂ ਨੂੰ ਹਰ ਸਾਲ ਮਾਰ ਦਿੱਤਾ ਜਾਂਦਾ ਹੈ।

## ਲਾਹੌਰ ਦੇ ਇਤਰ ਕਾਰਖਾਨੇ ਵਿੱਚ ਸਿਲੰਡਰ ਧਮਾਕੇ ਨਾਲ ਲੱਗੀ ਅੱਗ ਵਿੱਚ 11 ਮਰੇ





ਲਾਹੌਰ, 29 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪੂਰਬੀ ਸ਼ਹਿਰ ਲਾਹੌਰ ਦੇ ਸ਼ਾਹਦਰਾ ਇਲਾਕੇ ਵਿੱਚ ਇਤਰ ਦੇ ਕਾਰਖਾਨੇ ਵਿੱਚ ਸਿਲੰਡਰ ਧਮਾਕੇ ਨਾਲ ਅੱਗ ਲੱਗ ਗਈ। ਧਮਾਕਾ ਇੰਨਾ ਜ਼ੋਰਦਾਰ ਸੀ ਕਿ ਇਸ ਨਾਲ ਕਾਰਖਾਨੇ ਦੀ ਛੱਤ ਢਹਿ ਗਈ, ਜਿਸ ਕਾਰਨ ਮਲਬੇ ਹੇਠਾਂ ਦੱਬਣ ਨਾਲ ਉਥੇ ਕੰਮ ਕਰ ਰਹੇ 11 ਮਜ਼ਦੂਰਾਂ ਦੀ ਮੌਤ ਹੋ ਗਈ। ਪਾਕਿਸਤਾਨੀ ਮੀਡੀਆ ਦੀਆਂ ਖਬਰਾਂ ਮੁਤਾਬਕ ਧਮਾਕਾ ਹੋਣ ਦੌਰਾਨ ਲਗਭਗ 14 ਮਜ਼ਦੂਰ ਕਾਰਖਾਨੇ ਵਿੱਚ ਸਨ। ਧਮਾਕੇ ਦੇ ਬਾਅਦ ਕਾਰਖਾਨੇ ਵਿੱਚ ਅੱਗ ਲੱਗ ਗਈ ਤੇ ਇਮਾਰਤ ਦੀ ਛੱਤ ਦੇ ਢਹਿਣ ਨੂੰ ਹਾਦਸੇ ਦਾ ਮੁੱਖ ਕਾਰਨ ਦੱਸਿਆ ਗਿਆ ਹੈ। ਮਲਬੇ ਵਿੱਚ ਫਸੇ ਬਾਕੀ ਲੋਕਾਂ ਅਤੇ ਲਾਸ਼ਾਂ ਨੂੰ ਬਰਾਮਦ ਕਰਨ ਦੇ ਲਈ ਇੱਕ ਬਚਾਅ ਮੁਹਿੰਮ ਚੱਲ ਰਹੀ ਹੈ, ਦੋ ਜ਼ਖਮੀਆਂ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਇਆ ਗਿਆ। ਮਰਨ ਵਾਲਿਆਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ।

## ਅਮਰੀਕੀਆਂ ਨੂੰ ਤਾਲਿਬਾਨ ਜਹਾਜ਼ ਦੇ ਮਲਬੇ ਤੱਕ ਨਹੀਂ ਪੁੱਜਣ ਦੇ ਰਹੇ

ਕਾਬੁਲ, 29 ਜਨਵਰੀ (ਪੋਸਟ ਬਿਊਰੋ)- ਅੱਤਵਾਦੀ ਜਮਾਤ ਤਾਲਿਬਾਨ ਅਫਗਾਨਿਸਤਾਨ ਦੇ ਗਜ਼ਨੀ ਸੂਬੇ ਵਿੱਚ ਹਾਦਸਾ ਗ੍ਰਸਤ ਹੋਏ ਅਮਰੀਕੀ ਫੌਜੀ ਜਹਾਜ਼ ਦੇ ਮਲਬੇ ਤੱਕ ਸੁਰੱਖਿਆ ਬਲਾਂ ਨੂੰ ਜਾਣ ਨਹੀਂ ਦੇ ਰਿਹਾ। ਹਾਦਸੇ ਵਾਲੀ ਥਾਂ ਪੁੱਜਣ ਦੀ ਕੋਸ਼ਿਸ਼ ਕਰਦੀਆਂ ਅਫਗਾਨ ਅਤੇ ਅਮਰੀਕੀ ਫੋਰਸਾਂ 'ਤੇ ਅੱਤਵਾਦੀ ਘਾਤ ਲਾ ਕੇ ਹਮਲਾ ਕਰਦੇ ਹਨ।

ਅਮਰੀਕੀ ਫੌਜ ਨੇ ਦੱਸਿਆ ਸੀ ਕਿ ਉਸ ਦਾ ਈ-11 ਜਹਾਜ਼ ਗਜ਼ਨੀ ਸੂਬੇ ਵਿੱਚ ਹਾਦਸੇ ਦਾ ਸ਼ਿਕਾਰ ਹੋਇਆ ਹੈ। ਉਸ ਨੇ ਜਹਾਜ਼ ਵਿੱਚ ਸਵਾਰ ਯਾਤਰੀਆਂ ਅਤੇ ਮ੍ਰਿਤਕਾਂ ਦੀ ਗਿਣਤੀ ਦੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਅਮਰੀਕੀ ਫੌਜ ਦੇ ਉਲਟ ਤਾਲਿਬਾਨ ਨੇ ਜਹਾਜ਼ ਨੂੰ ਡੇਗਣ ਦਾ ਦਾਅਵਾ ਕੀਤਾ ਸੀ। ਗਜ਼ਨੀ ਦੇ ਸੂਬਾ ਪੁਲਸ ਮੁਖੀ ਖਾਲਿਦ ਵਾਰਦਾਕ ਨੇ ਦੱਸਿਆ ਕਿ ਦੇਹ ਯਾਕ ਜ਼ਿਲੇ 'ਚ ਜਹਾਜ਼ ਦੇ ਹਾਦਸਾ ਗ੍ਰਸਤ ਹੋਣ ਦੀ ਖਬਰ ਮਿਲਣ ਪਿੱਛੋਂ ਰਾਹਤ ਤੇ ਬਚਾਅ ਕਰਮੀਆਂ ਨੂੰ ਰਵਾਨਾ ਕੀਤਾ ਗਿਆ ਸੀ, ਪਰ ਕਈ ਥਾਵਾਂ 'ਤੇ ਤਾਲਿਬਾਨ ਲੜਾਕਿਆਂ ਨੇ ਉਨ੍ਹਾਂ 'ਤੇ ਘਾਤ ਲਾ ਕੇ ਹਮਲਾ ਕੀਤਾ। ਉਨ੍ਹਾਂ ਦੱਸਿਆ ਕਿ ਮਿਲੀ ਜਾਣਕਾਰੀ ਮੁਤਾਬਕ ਇਸ ਹਾਦਸੇ ਵਿੱਚ ਜਹਾਜ਼ ਵਿੱਚ ਬੈਠੇ ਚਾਰ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਦੋ ਜਣੇ ਜ਼ਿੰਦਾ ਹਨ, ਪ੍ਰੰਤੂ ਉਨ੍ਹਾਂ ਦੀ ਕੋਈ ਜਾਣਕਾਰੀ ਨਹੀਂ ਮਿਲ ਸਕੀ। ਵਾਰਦਾਕ ਨੇ ਕਿਹਾ ਕਿ ਸੁਰੱਖਿਆ ਬਲਾਂ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ ਗਿਆ ਹੈ ਅਤੇ ਫਿਰ ਅੱਤਵਾਦੀਆਂ ਦੇ ਖਿਲਾਫ ਹਵਾਈ ਕਾਰਵਾਈ ਕੀਤੀ ਜਾਏਗੀ।

ਤਾਲਿਬਾਨ ਦੇ ਬੁਲਾਰੇ ਜਬੀਉਲਾ ਮੁਜਾਹਿਦ ਨੇ ਕਿਹਾ ਹੈ ਕਿ ਬਚਾਅ ਪਾਰਟੀ ਨੂੰ ਹਾਦਸੇ ਵਾਲੀ ਥਾਂ ਤੋਂ ਲਾਸ਼ਾਂ ਚੁੱਕ ਲੈਣ ਦੀ ਇਜਾਜ਼ਤ ਦਿੱਤੀ ਜਾਏਗੀ। ਮੁਜਾਹਿਦ ਨੇ ਦਾਅਵਾ ਕੀਤਾ ਕਿ ਇਸ ਘਟਨਾ ਵਿੱਚ ਛੇ ਲੋਕਾਂ ਦੀ ਮੌਤ ਹੋਈ ਹੈ। ਇਸ ਬਾਰੇ ਸਪੱਸ਼ਟ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ, ਕਿਉਂਕਿ ਅੱਗ 'ਚ ਸੜ ਕੇ ਸਭ ਕੁਝ ਸੁਆਹ ਹੋ ਗਿਆ। ਨਾਂਅ ਨਾ ਦੱਸਣ ਦੀ ਸ਼ਰਤ 'ਤੇ ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਹਾਦਸਾਗ੍ਰਸਤ ਜਹਾਜ਼ ਵਿੱਚ ਪੰਜ ਲੋਕ ਸਵਾਰ ਸਨ।

## ਨਾਗਰਿਕਤਾ ਸੋਧ ਕਾਨੂੰਨ ਬਾਰੇ ਟਿੱਪਣੀ ਕਰ ਕੇ ਸੱਤਿਆ ਨਡੇਲਾ ਵਿਵਾਦ ਵਿੱਚ ਘਿਰੇ

ਨਿਊਯਾਰਕ, 29 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੀ ਆਲੋਚਨਾ ਕਰ ਕੇ ਭਾਰਤੀ ਮੂਲ ਦੇ ਅਮਰੀਕੀ ਮਾਈਕਰੋਸਾਫਟ ਦੇ ਸੀ ਈ ਓ ਸੱਤਿਆ ਨਡੇਲਾ ਵਿਵਾਦਾਂ ਵਿੱਚ ਘਿਰ ਗਏ ਹਨ। ਉਨ੍ਹਾਂ ਨੇ ਨਾਗਰਿਕਤਾ ਸੋਧ ਕਾਨੂੰਨ ਉੱਤੇ ਬਹਿਸ ਦੌਰਾਨ ਕਿਹਾ ਸੀ ਕਿ ਜੋ ਭਾਰਤ ਵਿੱਚ ਹੋ ਰਿਹਾ ਹੈ, ਬੁਰਾ ਹੋ ਰਿਹਾ ਹੈ। ਮੈਨਹਟਨ (ਨਿਊਯਾਰਕ) ਵਿੱਚ ਨਡੇਲਾ, ਜਿਨ੍ਹਾਂ ਦਾ ਪਿਛੋਕੜ ਹੈਦਰਾਬਾਦ ਨਾਲ ਜੁੜਿਆ ਹੈ, ਨੇ ਸੰਪਾਦਕਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਚਾਹੁੰਦੇ ਹਨ ਕਿ ਪ੍ਰਵਾਸੀ ਭਾਰਤ ਵਿੱਚ ਆਉਣ ਅਤੇ ਸਥਾਪਿਤ ਹੋਣ। ਬੇਨ ਸਮਿਥ ਐਡੀਟਰ ਇਨ ਚੀਫ ਬਜ਼ਫੀਡ ਨਿਊਜ਼ ਡਾਟ ਕਾਮ ਦੇ ਦੱਸਣ ਅਨੁਸਾਰ ਨਾਗਰਿਕਤਾ ਸੋਧ ਕਾਨੂੰਨ ਬਾਰੇ ਨਡੇਲਾ ਨੇ ਕਿਹਾ ਸੀ ਕਿ 'ਮੈਂ ਸੋਚਦਾ ਹਾਂ ਕਿ ਜੋ ਵਾਪਰ ਰਿਹਾ ਹੈ, ਉਹ ਬੁਰਾ ਹੈ, ਮੈਂ ਇਹ ਵੇਖ ਕੇ ਖੁਸ਼ ਹੋਵਾਂਗਾ ਕਿ ਇੱਕ ਬੰਗਲਾ ਦੇਸ਼ੀ ਭਾਰਤ ਆਵੇ ਤੇ ਉਹ ਅਗਲੀ 'ਯੂਨੀਕਾਮ' ਪੈਦਾ ਕਰੇ ਜਾਂ ਇਨਫੋਸਿਜ਼ ਦਾ ਅਗਲਾ ਸੀ ਈ ਓ ਬਣੇ। ਬਾਅਦ ਵਿੱਚ ਮਾਈਕਰੋਸਾਫਟ ਨੇ ਨਡੇਲਾ ਵੱਲੋਂ ਸਫਾਈ ਦਿੰਦਾ ਬਿਆਨ ਜਾਰੀ ਕੀਤਾ ਸੀ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਹਰ ਦੇਸ਼ ਨੂੰ ਆਪਣੀਆਂ ਸਰਹੱਦਾਂ ਦੀ ਵਿਆਖਿਆ ਕਰਨ, ਰਾਸ਼ਟਰੀ ਸੁਰੱਖਿਆ ਦੀ ਹਿਫ਼ਾਜ਼ਤ ਕਰਨ ਤੇ ਉਸ ਅਨੁਸਾਰ ਇਮੀਗ੍ਰੇਸ਼ਨ ਨੀਤੀ ਬਣਾਉਣ ਦਾ ਅਧਿਕਾਰ ਹੈ।

## ਜਦ ਟੀਕਾ ਲੱਗਣ ਦੇ ਬਾਅਦ ਇਮਰਾਨ ਨੂੰ ਨਰਸਾਂ ਹੂਰ ਲੱਗੀਆਂ



ਕਰਾਚੀ, 29 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੱਲ੍ਹ ਹਲਕੇ ਫੁਲਕੇ ਅੰਦਾਜ਼ ਵਿੱਚ ਖੁਲਾਸਾ ਕੀਤਾ ਕਿ ਇੱਕ ਵਾਰ ਹਸਪਤਾਲ ਵਿੱਚ ਡਾਕਟਰ ਨੇ ਉਨ੍ਹਾਂ ਨੂੰ ਅਜਿਹਾ ਇੰਜੈਕਸ਼ਨ ਲਾਇਆ ਕਿ ਹਸਪਤਾਲ ਦੀਆਂ ਨਰਸਾਂ ਉਨ੍ਹਾਂ ਨੂੰ ਹੂਰ ਲੱਗਣ ਲੱਗੀਆਂ ਸਨ।

ਕਰਾਚੀ ਵਿੱਚ ਇੱਕ ਸਮਾਰੋਹ ਵਿੱਚ ਇਮਰਾਨ ਖਾਨ ਨੇ ਕਿਹਾ, 2013 ਵਿੱਚ ਜਦ ਮੈਂ ਪੌੜੀਆਂ ਤੋਂ ਡਿੱਗ ਕੇ ਜ਼ਖਮੀ ਹੋਇਆ ਤਾਂ (ਲਾਹੌਰ ਦੇ) ਸ਼ੌਕਤ ਖਾਨ ਹਸਪਤਾਲ ਦੇ ਡਾਕਟਰ ਆਸਿਮ ਨੇ ਮੈਨੂੰ ਐਸਾ ਇੰਜੈਕਸ਼ਨ ਲਾਇਆ ਕਿ ਦਰਦ ਗਾਇਬ ਹੋ ਗਿਆ। ਉਨ੍ਹਾਂ ਕਿਹਾ ਕਿ ਇੰਜੈਕਸ਼ਨ ਲੱਗਣ ਮਗਰੋਂ ਉਨ੍ਹਾਂ ਨੂੰ ਹਸਪਤਾਲ ਦੀਆਂ ਨਰਸਾਂ ਹੂਰ ਲੱਗਣ ਲੱਗੀਆਂ ਸਨ। ਇਮਰਾਨ ਨੇ ਕਿਹਾ, ਦੋਬਾਰਾ ਦਰਦ ਹੋਣ 'ਤੇ ਮੈਂ ਡਾਕਟਰ ਆਸਿਮ ਨੂੰ ਕਿਹਾ ਕਿ ਇੱਕ ਹੋਰ ਇੰਜੈਕਸ਼ਨ ਲਾ ਦਿਓ, ਪ੍ਰੰਤੂ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਮੈਂ ਉਨ੍ਹਾਂ ਨੂੰ ਧਮਕਾਇਆ ਵੀ ਕਿ ਲਾ ਦਿਓ, ਵਰਨਾ ਮੈਂ ਤੁਹਾਨੂੰ ਛੱਡਾਂਗਾ ਨਹੀਂ, ਪਰ ਉਨ੍ਹਾਂ ਨੇ ਨਹੀਂ ਲਾਇਆ। ਇਮਰਾਨ 2013 ਵਿੱਚ ਲਾਹੌਰ ਦੇ ਉਸ ਹਾਦਸੇ ਦਾ ਜ਼ਿਕਰ ਕਰ ਰਹੇ ਸਨ, ਜਦ ਉਹ ਵਿਰੋਧੀ ਧਿਰ ਦੇ ਨੇਤਾ ਦੀ ਹੈਸੀਅਤ ਨਾਲ ਇੱਕ ਸਭਾ ਨੂੰ ਸੰਬੋਧਨ ਕਰ ਰਹੇ ਸਨ ਅਤੇ ਮੰਚ ਤੋਂ ਉਤਰਦੇ ਸਮੇਂ ਡਿੱਗ ਪਏ ਸਨ।

## ਮੁਸ਼ੱਰਫ ਦੀ ਅਦਾਲਤ ਵਿੱਚ ਗੈਰ ਹਾਜ਼ਰੀ ਸਿਧਾਂਤਾਂ ਦੇ ਖਿਲਾਫ ਸੀ



ਲਾਹੌਰ, 29 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਖਿਲਾਫ ਦੇਸ਼ ਧ੍ਰੋਹ ਦੇ ਕੇਸ ਵਿੱਚ ਲਾਹੌਰ ਹਾਈ ਕੋਰਟ ਦਾ ਫੈਸਲਾ ਆ ਗਿਆ ਹੈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਦੋਸ਼ੀ ਦੀ ਗੈਰ ਹਾਜ਼ਰੀ ਵਿੱਚ ਮੁਕੱਦਮੇ ਦੀ ਸੁਣਵਾਈ ਪੂਰੀ ਕਰਨਾ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਖਿਲਾਫ ਹੈ।

ਵਰਨਣ ਯੋਗ ਹੈ ਕਿ ਇਸਲਾਮਾਬਾਦ ਦੀ ਵਿਸ਼ੇਸ਼ ਅਦਾਲਤ ਨੇ ਇਸ ਕੇਸ ਦੀ ਛੇ ਸਾਲ ਸੁਣਵਾਈ ਕਰਨ ਪਿੱਛੋਂ ਪਿਛਲੇ ਸਾਲ 17 ਦਸੰਬਰ ਨੂੰ ਮੁਸ਼ੱਰਫ ਨੂੰ ਮੌਤ ਦੀ ਸਜ਼ਾ ਸੁਣਾਈ, ਪ੍ਰੰਤੂ ਲਾਹੌਰ ਹਾਈ ਕੋਰਟ ਨੇ 13 ਜਨਵਰੀ ਨੂੰ ਦਿੱਤੇ ਆਪਣੇ ਸੰਖੇਪ ਫੈਸਲੇ ਵਿੱਚ ਇਸ ਸਜ਼ਾ ਨੂੰ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ ਸੀ।

ਡਾਨ ਨਿਊਜ਼ ਮੁਤਾਬਕ ਲਾਹੌਰ ਹਾਈ ਕੋਰਟ ਨੇ ਜੱਜ ਸੱਯਦ ਮਜ਼ਾਰ ਅਲੀ ਅਕਬਰ ਨਕਵੀ ਨੇ ਆਪਣੇ ਵਿਸਥਾਰਤ ਫੈਸਲੇ 'ਚ ਕਿਹਾ ਕਿ ਓਦੋਂ ਦੇ ਚੀਫ ਜਸਟਿਸ ਅਤੇ ਪੰਜਾਬ ਹਾਈ ਕੋਰਟ ਦੇ ਚੀਫ ਜਸਟਿਸ ਨਾਲ ਸਲਾਹ ਮਸ਼ਵਰੇ ਨਾਲ ਬਣਾਈ ਗਈ ਵਿਸ਼ੇਸ਼ ਅਦਾਲਤ ਸੰਵਿਧਾਨ ਅਨੁਸਾਰ ਨਹੀਂ ਸੀ। ਵਿਸ਼ੇਸ਼ ਅਦਾਲਤ ਦਾ ਗਠਨ ਕੇਵਲ ਗੈਰ ਕਾਨੂੰਨੀ ਅਤੇ ਅਣ-ਉਚਿਤ ਸੀ, ਸਗੋਂ ਉਹ ਅਧਿਕਾਰ ਖੇਤਰ ਤੋਂ ਵੀ ਬਾਹਰ ਸੀ। ਦੋਸ਼ੀ ਦੀ ਗੈਰ ਹਾਜ਼ਰੀ ਵਿੱਚ ਕੇਸ ਦੀ ਸੁਣਵਾਈ ਨਾ ਕੇਵਲ ਪਵਿੱਤਰ ਕੁਰਾਨ ਅਤੇ ਸੁੰਨਤ ਵਿੱਚ ਦੱਸੇ ਇਸਲਾਮੀ ਨਿਆਂ ਦੇ ਸਿਧਾਂਤ ਖਿਲਾਫ ਹੈ, ਸਗੋਂ ਇਹ ਕੁਦਰਤੀ ਨਿਆਂ ਦੇ ਸੁਨਹਿਰੇ ਸਿਧਾਂਤਾਂ ਦੇ ਵੀ ਖਿਲਾਫ ਹੈ।

ਪਾਕਿਸਤਾਨ ਦੇ ਸਾਬਕਾ ਫੌਜ ਮੁਖੀ ਅਤੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੇ ਨਵਾਜ਼ ਸ਼ਰੀਫ ਸਰਕਾਰ ਦਾ ਤਖਤਾ ਪਲਟ ਕੇ ਸੱਤਾ 'ਤੇ ਕਬਜ਼ਾ ਕੀਤਾ ਸੀ, ਪ੍ਰੰਤੂ ਜਦੋਂ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰ ਕੇ ਨਵਾਜ਼ ਸ਼ਰੀਫ ਸਰਕਾਰ ਫਿਰ ਕਾਬਜ਼ ਹੋਈ ਤਾਂ ਉਸ ਨੇ ਪਰਵੇਜ਼ ਮੁਸ਼ੱਰਫ ਉਤੇ ਕੇਸ ਚਲਾਉਣ ਲਈ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਮਨਜ਼ੂਰੀ ਨਾਲ ਵਿਸ਼ੇਸ਼ ਅਦਾਲਤ ਦਾ ਗਠਨ ਕੀਤਾ ਸੀ, ਜਿਸ ਵਿੱਚ ਸੰਵਿਧਾਨ ਨੂੰ ਖਤਮ ਕਰਨ ਅਤੇ ਜੱਜਾਂ ਨੂੰ ਬਿਨਾਂ ਕਿਸੇ ਕਾਰਨ ਬੰਦ ਰੱਖਣ ਦਾ ਕੇਸ ਚਲਾਇਆ ਗਿਆ। ਇਹ ਕੇਸ ਲਗਭਗ ਛੇ ਸਾਲ ਤੱਕ ਚੱਲਿਆ ਤੇ ਜਦੋਂ ਮੁਸ਼ੱਰਫ ਨੂੰ ਲੱਗਾ ਕਿ ਉਹ ਇਸ ਕੇਸ ਵਿੱਚ ਫਸਣ ਵਾਲੇ ਤਾਂ ਉਹ ਬਿਮਾਰੀ ਦਾ ਇਲਾਜ ਕਰਾਉਣ ਦੇ ਬਹਾਨੇ ਦੁਬਈ ਭੱਜ ਗਏ ਅਤੇ ਹਾਲੇ ਤੱਕ ਉਥੇ ਰਹਿ ਰਹੇ ਹਨ। ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਕੇਵਲ ਗ੍ਰਹਿ ਸਕੱਤਰ ਫੈਡਰਲ ਸਰਕਾਰ ਦੀ ਸਿਫਾਰਸ਼ 'ਤੇ ਉੱਚ ਪੱਧਰੀ ਦੇਸ਼ ਧ੍ਰੋਹ ਦੇ ਕੇਸਾਂ ਵਿੱਚ ਸ਼ਿਕਾਇਤ ਦਰਜ ਕਰਾਈ ਜਾ ਸਕਦੀ ਹੈ। ਇਸ ਕੇਸ ਵਿੱਚ ਸ਼ਿਕਾਇਤ ਦਰਜ ਕਰਵਾਉਂਦੇ ਸਮੇਂ ਸੰਵਿਧਾਨਕ ਸਿਧਾਂਤਾਂ ਦਾ ਧਿਆਨ ਨਹੀਂ ਰੱਖਿਆ ਗਿਆ। ਵਿਸ਼ੇਸ਼ ਅਦਾਲਤ ਦਾ ਗਠਨ ਗੈਰ ਸੰਵਿਧਾਨਕ ਸੀ। ਸਾਬਕਾ ਰਾਸ਼ਟਰਪਤੀ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕਰਦੇ ਸਮੇਂ ਨਿਯਮਾਂ ਦਾ ਪਾਲਣ ਨਹੀਂ ਕੀਤਾ ਗਿਆ।

## ਪੰਜਾਬੀਆਂ ਦੇ ਕਤਲ ਕੇਸ ਵਿੱਚ ਸੰਦੀਪ ਸਿੰਘ ਉੱਤੇ ਦੋਸ਼ ਲਾਗੂ

ਲੰਡਨ, 29 ਜਨਵਰੀ (ਪੋਸਟ ਬਿਊਰੋ)- ਬੀਤੇ ਦਿਨੀਂ ਸ਼ੇਰਆਮ ਇਲਫੋਰਡ ਵਿੱਚ ਕਤਲ ਕੀਤੇ ਗਏ ਤਿੰਨ ਪੰਜਾਬੀਆਂ ਦੇ ਕੇਸ ਵਿੱਚ ਪੁਲਸ ਨੇ 29 ਸਾਲਾ ਸੰਦੀਪ ਸਿੰਘ ਵਾਸੀ ਮੌਂਟਪਿਲਰ ਗਾਰਡਨਜ਼, ਚਡਵੈਂਲ ਹੀਥ, ਰਮਫੋਰਡ ਉਤੇ ਕਤਲ ਦੇ ਦੋਸ਼ ਲਾਏ ਹਨ, ਜਿਸ ਨੂੰ ਬਾਅਦ ਵਿੱਚ ਰੈਡਬ੍ਰਿਜ਼ ਮੈਜਿਸਟਰੇਟ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

ਇੱਕ ਹੋਰ ਗੁਰਜੀਤ ਸਿੰਘ ਵਾਸੀ ਇਲਫੋਡ ਨੂੰ ਪਹਿਲਾਂ ਹੀ ਜਨਤਕ ਥਾਵਾਂ 'ਤੇ ਹਥਿਆਰ ਲਿਜਾਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਕੇ ਰਿਮਾਂਡ 'ਤੇ ਲਿਆ ਹੋਇਆ ਹੈ। ਇਸ ਮਾਮਲੇ ਵਿੱਚ ਤੀਜੇ ਵਿਅਕਤੀ ਨੂੰ ਜਾਂਚ 'ਚੋਂ ਬਾਹਰ ਕਰ ਦਿੱਤਾ ਗਿਆ ਹੈ। ਇਲਫੋਰਡ ਵਿਖੇ 19 ਜਨਵਰੀ ਨੂੰ ਕਤਲ ਹੋਏ ਮਲਕੀਤ ਸਿੰਘ ਢਿੱਲੋਂ, ਨਰਿੰਦਰ ਸਿੰਘ ਅਤੇ ਹਰਿੰਦਰ ਕੁਮਾਰ ਦੀਆਂ ਲਾਸ਼ਾਂ ਪੰਜਾਬ ਵਿੱਚ ਲਿਜਾਣ ਲਈ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਸੈਵਨ ਕਿੰਗਜ਼ ਵੱਲੋਂ ਯਤਨ ਜਾਰੀ ਹਨ। ਪ੍ਰਧਾਨ ਮੇਜਰ ਸਿੰਘ ਬਾਸੀ ਨੇ ਦੱਸਿਆ ਕਿ ਦੋ ਫਰਵਰੀ ਨੂੰ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਭੋਗ ਪਾਏ ਜਾ ਰਹੇ ਹਨ। ਫਿਰ ਪੀੜਤਾਂ ਦੀ ਮਦਦ ਲਈ ਅਗਲੇ ਪ੍ਰੋਗਰਾਮ ਉਲੀਕੇ ਜਾਣਗੇ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative



Tel: 905.793.5777

416.802.5866

31 Melanie Dr. Unit #4 Brampton, ON L6T 5H8





Bramalea / Sandalwood

ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

# ਜਿਊਂਦੇ-ਜੀਅ ਪਹਿਲਾਂ ਆਪਣਾ ਭੋਗ ਪਾ ਕੇ ਇਸ ਸਾਲ ਬਰਸੀ ਵੀ ਮਨਾ ਲਈ

ਫ਼ਤਿਹਗੜ੍ਹ ਸਾਹਿਬ, 29 ਜਨਵਰੀ (ਪੋਸਟ ਬਿਊਰੋ)- ਸਰਹਿੰਦ ਨੇੜਲੇ ਪਿੰਡ ਮਾਜਰੀ ਸੋਢੀਆਂ ਵਿੱਚ ਪੰਜ ਧੀਆਂ ਦੇ ਬਾਪ ਨੇ ਜਿਊਂਦੇ ਜੀਅ ਆਪਣੀ ਮੌਤ ਦਾ ਭੋਗ ਇਸ ਲਈ ਪਾ ਦਿੱਤਾ ਕਿ ਪਰਿਵਾਰ ਉੱਤੇ ਬੋਝ ਨਾ ਪਵੇ ਅਤੇ ਧੀਆਂ ਵੱਲੋਂ ਅੰਤਮ ਕਿ-ਰਆ ਕਰਨ ਦਾ ਵਿਵਾਦ ਨਾ ਹੋਵੇ। ਪਿਛਲੇ ਸਾਲ ਆਪਣੀ ਮੌਤ ਦਾ ਭੋਗ ਪਾ ਕੇ ਹਰਭਜਨ ਸਿੰਘ ਨੇ ਇਸ ਸਾਲ ਬਰਸੀ ਸਮਾਗਮ ਵੀ ਕਰਵਾ ਦਿੱਤਾ ਹੈ ਅਤੇ ਸਮਾਜ ਨੂੰ ਸੁਨੇਹਾ ਦਿੱਤਾ ਕਿ ਦੁੱਖਾਂ ਨਾਲ ਲੜਨਾ ਸਿੱਖੋ, ਹਾਰ ਕੇ ਖ਼ੁਦਕੁਸ਼ੀ ਨਾ ਕਰੋ, ਮਿਸਾਲ ਬਣ ਕੇ ਸਮਾਜ ਨੂੰ ਨਵੀਂ ਦਿਸ਼ਾ ਦਿਉ।

ਸਾਲ 1947 ਵਿੱਚ ਪੈਦਾ ਹੋਏ ਹਰਭਜਨ ਸਿੰਘ ਨੇ ਦੱਸਿਆ ਕਿ 72 ਸਾਲਾਂ ਵਿੱਚ ਉਸ ਲਈ ਕੋਈ ਦਿਨ ਸੁੱਖ ਦਾ ਨਹੀਂ ਆਇਆ। ਗ਼ਰੀਬੀ ਕਾਰਨ ਉਹ ਪੜ੍ਹ ਨਾ ਸਕੇ ਤੇ ਬਚਪਨ ਤੋਂ ਮਜ਼ਦੂਰੀ ਕਰਨ ਲੱਗ ਪਏ ਸਨ। ਸਾਲ 1968 ਵਿੱਚ ਕਲਾਵੰਤੀ ਨਾਲ ਵਿਆਹ ਕੀਤਾ ਤਾਂ ਉਹ ਬਿਮਾਰ ਰਹਿਣ ਲੱਗੀ। ਫਿਰ ਪੰਜ ਧੀਆਂ ਨੇ ਜਨਮ ਲਿਆ। ਪਤਨੀ ਦੀ ਬਿਮਾਰੀ ਵਧੀ ਤਾਂ ਕਮਾਈ ਦਾ ਸਾਰਾ ਪੈਸਾ ਦਵਾਈਆਂ ਉੱਤੇ ਖ਼ਰਚ ਹੁੰਦਾ ਰਿਹਾ। ਕਿਸੇ ਤਰ੍ਹਾਂ ਧੀਆਂ ਦਾ ਵਿਆਹ ਕੀਤਾ ਤਾਂ ਉਨ੍ਹਾਂ ਨੂੰ ਸੁੱਖ ਨਸੀਬ ਨਹੀਂ ਹੋਇਆ। ਸਹੁਰਾ ਪਰਿਵਾਰ ਵਾਲੇ ਤੰਗ ਕਰਦੇ ਰਹੇ। ਕਿਸੇ ਧੀ ਨੂੰ ਵੱਖ ਹੋਣਾ ਪਿਆ ਤੇ ਕਿਸੇ ਦਾ ਤਲਾਕ ਹੋ ਗਿਆ। ਇਕ ਜਵਾਈ ਦੀ ਮੌਤ ਹੋ ਗਈ। ਬੀਤੇ 20 ਸਾਲਾਂ ਤੋਂ ਇਕ ਧੀ ਰਣਜੀਤ ਕੌਰ ਉਸ ਦੇ ਕੋਲ ਰਹਿੰਦੀ ਹੈ। ਸਾਲ 2017 ਵਿੱਚ ਪਤਨੀ ਚੱਲ ਵਸੀ ਤਾਂ ਕਿਸੇ ਤਰ੍ਹਾਂ ਉਸ ਦੀ ਅੰਤਿਮ ਕਿਰਿਆ ਕੀਤੀ ਅਤੇ ਤੈਅ ਕੀਤਾ ਕਿ ਉਸ ਦੀ ਆਪਣੀ ਮੌਤ ਧੀਆਂ ਦੀ ਮਜਬੂਰੀ ਨਹੀਂ ਬਣੇਗੀ। 24 ਫਰਵਰੀ 2019 ਨੂੰ ਉਸ ਨੇ ਆਪਣੀ ਮੌਤ ਦੀਆਂ ਰਸਮਾਂ ਕਰ ਦਿੱਤੀਆਂ ਤੇ 11 ਮਹੀਨੇ ਬਾਅਦ 27 ਜਨਵਰੀ ਨੂੰ ਬਰਸੀ ਸਮਾਗਮ ਕਰ ਦਿੱਤਾ ਹੈ। ਮਰਨ ਪਿੱਛੋਂ ਕੋਈ ਵਿਵਾਦ ਨਾ ਰਹੇ, ਇਸੇ ਕਾਰਨ ਮਕਾਨ ਧੀ ਦੇ ਨਾਂ ਕਰਵਾ ਦਿੱਤਾ ਤੇ ਡੇਢ ਵਿਘਾ ਜ਼ਮੀਨ ਧੀਆਂ ਵਿੱਚ ਵੰਡ ਦਿੱਤੀ ਹੈ।

ਹਰਭਜਨ ਸਿੰਘ ਨੇ ਦੱਸਿਆ ਕਿ 1979 ਵਿੱਚ ਉਨ੍ਹਾਂ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ ਤਾਂ ਪਹਿਲੀ ਵਾਰ ਲੱਗਾ ਕਿ ਸਮਾਜ ਵਿੱਚ ਕੋਈ ਆਪਣਾ ਨਹੀਂ ਹੁੰਦਾ। ਤਿੰਨ ਮਹੀਨੇ ਤਕ ਘਰ ਰਿਹਾ। ਪਰਿਵਾਰ ਦੇ ਕਿਸੇ ਮੈਂਬਰ ਜਾਂ ਰਿਸ਼ਤੇਦਾਰ ਨੇ ਬਾਤ ਨਾ ਪੁੱਛੀ। ਫੈਕਟਰੀ ਮਾਲਕਾਂ ਨੇ ਲੁਧਿਆਣਾ ਤੋਂ ਇਲਾਜ ਕਰਾਇਆ ਤਾਂ ਅੱਖਾਂ ਦੀ ਰੋਸ਼ਨੀ ਆਈ।

ਆਪਣੇ ਪਿਤਾ ਵੱਲੋਂ ਆਪਣੀਆਂ ਅੰਤਮ ਰਸਮਾਂ ਪੂਰੀਆਂ ਕਰਨ ਬਾਰੇ ਹਰਭਜਨ ਸਿੰਘ ਦੀਆਂ ਧੀਆਂ ਨੂੰ ਕੋਈ ਦੁੱਖ ਨਹੀਂ। ਬੇਟੀ ਰਣਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪੁੱਤਰਾਂ ਤੋਂ ਵੱਧ ਪਿਆਰ ਦਿੱਤਾ ਸੀ।

# ਡੋਨਾਲਡ ਟਰੰਪ ਦੇ ਵਕੀਲਾਂ ਵੱਲੋਂ ਸ਼ਕਤੀਆਂ ਦੀ ਦੁਰਵਰਤੋਂ ਦੇ ਦੋਸ਼ ਰੱਦ



ਵਾਸ਼ਿੰਗਟਨ, 29 ਜਨਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕੀਲਾਂ ਨੇ ਸ਼ਕਤੀਆਂ ਦੀ ਦੁਰਵਰਤੋਂ ਦੇ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਤ ਦੱਸਿਆ ਹੈ। ਪਾਰਲੀਮੈਂਟ ਦੇ ਉੱਪਰਲੇ ਸਦਨ ਸੈਨੇਟ ਵਿੱਚ ਚੱਲਦੀ ਮਹਾਦੋਸ਼ ਦੀ ਸੁਣਵਾਈ ਦੌਰਾਨ ਮੰਗਲਵਾਰ ਨੂੰ ਉਨ੍ਹਾਂ ਨੇ ਇਹ ਗੱਲ ਕਹੀ।

ਬਚਾਅ ਪੱਖ ਦੇ ਵਕੀਲਾਂ ਨੇ ਮੁੱਢਲੀਆਂ ਦਲੀਲਾਂ ਸਿਰੇ ਲਾਉਂਦਿਆਂ ਕਿਹਾ ਕਿ ਜਿਨ੍ਹਾਂ ਦਸਤਾਵੇਜ਼ਾਂ ਨੂੰ ਮਹਾਦੋਸ਼ ਲਈ ਸਹੀ ਦੱਸਿਆ ਗਿਆ ਹੈ, ਉਹ ਤੈਅ ਸੰਵਿਧਾਨਕ ਪੱਧਰ ਤੋਂ ਹੇਠਾਂ ਹਨ। ਬਚਾਅ ਪੱਖ ਦੇ ਵਕੀਲਾਂ ਦੀ ਅਗਵਾਈ ਕਰ ਰਹੇ ਵ੍ਹਾਈਟ ਹਾਊਸ ਦੇ ਵਕੀਲ ਪੈਟ ਸਿਪੋਲੋਨ ਨੇ ਕਿਹਾ ਕਿ ਰਾਸ਼ਟਰਪਤੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਤੁਹਾਨੂੰ ਕਾਮਯਾਬ ਰਾਸ਼ਟਰਪਤੀ ਹਟਾਉਣ ਨੂੰ ਕਿਹਾ ਜਾ ਰਿਹਾ ਹੈ, ਪਰ ਇਸ ਦਾ ਨਾ ਕੋਈ ਆਧਾਰ ਹੈ ਤੇ ਨਾ ਉਨ੍ਹਾਂ ਸੰਵਿਧਾਨ ਦੀ ਉਲੰਘਣਾ ਕੀਤੀ ਹੈ। ਸੱਤਾ ਦੀ ਦੁਰਵਰਤੋਂ ਦੇ ਦੋਸ਼ਾਂ ਤੋਂ ਰਾਸ਼ਟਰਪਤੀ ਨੂੰ ਬਰੀ ਕਰਨ ਦੀ ਅਪੀਲ ਕਰਦਿਆਂ ਟਰੰਪ ਦੇ ਵਕੀਲ ਨੇ ਕਿਹਾ ਕਿ ਪਾਰਲੀਮੈਂਟ ਵੱਲੋਂ ਪਿਛਲੀਆਂ ਚੋਣਾਂ ਦੇ ਨਤੀਜਿਆਂ ਨੂੰ ਪਲਟ ਦੇਣਾ ਤੇ ਕੁਝ ਦਿਨਾਂ ਵਿੱਚ ਹੋ ਰਹੀਆਂ ਚੋਣਾਂ ਵਿੱਚ ਦਖ਼ਲ ਦੇਣਾ ਅਮਰੀਕੀ ਲੋਕਾਂ ਲਈ ਨੁਕਸਾਨ ਦੇਹ ਹੋਵੇਗਾ। ਸੈਨੇਟ ਏਦਾਂ ਕਰਨ ਦੀ ਖੁੱਲ੍ਹ ਨਹੀਂ ਦੇ ਸਕਦੀ। ਪਾਰਲੀਮੈਂਟ ਦਾ ਹੇਠਲਾ ਸਦਨ ਪ੍ਰਤੀਨਿਧ ਸਭਾ ਪਿਛਲੇ ਮਹੀਨੇ ਟਰੰਪ ਨੂੰ ਅਹੁਦੇ ਤੋਂ ਹਟਾਉਣ ਦੇ ਪੱਖ ਵਿੱਚ ਵੋਟ ਪਾ ਚੁੱਕਾ ਹੈ। ਸੈਨੇਟ ਵਿੱਚ ਟਰੰਪ ਦੀ ਰਿਪ-ਬਲਿਕਨ ਪਾਰਟੀ ਦਾ ਬਹੁਮਤ ਹੈ, ਇਸ ਲਈ ਇਸ ਮਤੇ ਦੇ ਪਾਸ ਹੋਣ ਦੀ ਆਸ ਬਹੁਤ ਘੱਟ ਹੈ।

# ਅਮਰੀਕੀ ਸਦਨ ਵਿੱਚ ਚੀਨ ਦੇ ਖਿਲਾਫ ਤਿੱਬਤ ਬਾਰੇ ਮਤਾ ਪਾਸ



ਵਾਸ਼ਿੰਗਟਨ, 29 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਨੇ ਤਿੱਬਤ ਬਾਰੇ ਵੱਡਾ ਬਿੱਲ ਪਾਸ ਕੀਤਾ ਹੈ। ਇਸ ਬਿੱਲ ਨਾਲ ਚੀਨ ਤੇ ਅਮਰੀਕਾ ਦਾ ਨਵੇਂ ਸਿਰੇ ਤੋਂ ਤਣਾਅ ਬਣ ਸਕਦਾ ਹੈ। ਇਸ ਨਵੇਂ ਬਿੱਲ ਹੇਠ ਅਮਰੀਕਾ ਉਨ੍ਹਾਂ ਚੀਨੀ ਅਧਿਕਾਰੀਆਂ ਨੂੰ ਬੈਨ ਕਰ ਦੇਵੇਗਾ, ਜਿਹੜੇ ਦਲਾਈ ਲਾਮਾ ਦੇ ਵਾਰਸ ਵਾਲੇ ਮੁੱਦੇ ਵਿਚ ਦਖਲ ਦੇਣਗੇ। ਦਲਾਈ ਲਾਮਾ ਕਈ ਦਹਾਕੇ ਪਹਿਲਾਂ ਚੀਨ ਤੋਂ ਕੱਢੇ ਗਏ ਤਿੱਬਤ ਦੇ ਅਧਿਆਤਮਕ ਨੇਤਾ ਹਨ। ਅਮਰੀਕਾ ਦੇ ਇਸ ਬਿੱਲ ਨੂੰ ਅਮਰੀਕੀ ਕਾਂਗਰਸ ਦੇ ਮੈਂਬਰ ਜੇਮਸ ਪੀ ਮੈਕਗੋਵਨ ਨੇ ਪੇਸ਼ ਕੀਤਾ ਸੀ। ਮੈਕਗੋਵਨ ਚੀਨ ਬਾਰੇ ਬਣੀ ਹਾਊਸ ਦੀ ਰੂਲਸ ਕਮੇਟੀ ਤੇ ਕਾਂਗਰੇਸ਼ਨਲ ਐਗਜ਼ੀਕਿਊਟਿਕ ਕਮਿਸ਼ਨ ਦੇ ਚੇਅਰਮੈਨ ਹਨ। ਇਸ ਬਿੱਲ ਦੇ ਪੱਖ ਵਿਚ 322 ਵੋਟਾਂ ਪਈਆਂ ਅਤੇ ਵਿਰੋਧ ਵਿਚ ਸਿਰਫ 22 ਵੋਟਾਂ ਸਨ। ਜੇ ਇਸ ਬਿੱਲ ਨੂੰ ਸੈਨੇਟ ਦੀ ਮਨਜ਼ੂਰੀ ਮਿਲ ਗਈ ਤਾਂ ਦਸਖਤ ਕਰਨ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਵੀ ਜਾਵੇਗਾ। ਬਿੱਲ ਮੁਤਾਬਕ ਚੀਨ ਨੂੰ ਅਮਰੀਕਾ ਵਿਚ ਨਵੇਂ ਦੂਤਘਰ ਖੋਲ੍ਹਣ ਦੀ ਮਨਜ਼ੂਰੀ ਉਦੋਂ ਤੱਕ ਨਹੀਂ ਹੋਵੇਗੀ, ਜਦੋਂ ਤੱਕ ਅਮਰੀਕਾ ਨੂੰ ਲਹਾਸਾ ਵਿਚ ਦੂਤਘਰ ਦੀ ਮਨਜ਼ੂਰੀ ਚੀਨ ਨਹੀਂ ਦਿੰਦਾ।

ਕਾਨੂੰਨ ਦੇ ਖਰੜੇ ਮੁਤਾਬਕ ਦਲਾਈ ਲਾਮਾ ਦੇ ਕੇਸ ਵਿਚ ਦਖਲ ਦੇਣ ਦੇ ਦੋਸ਼ੀ ਪਾਏ ਜਾਂਦੇ ਲੋਕਾਂ ਦੀ ਹਰ ਕਿਸਮ ਦੀ ਅਮਰੀਕੀ ਜਾਇਦਾਦ ਜ਼ਬਤ ਕੀਤੀ ਜਾ ਸਕਦੀ ਤੇ ਚੀਨੀ ਅਧਿਕਾਰੀਆਂ ਨੂੰ ਅਮਰੀਕਾ ਵੜਨੋਂ ਰੋਕਿਆ ਜਾ ਸਕਦਾ ਹੈ। ਸਦਨ ਨੂੰ ਸੰਬੋਧਿਤ ਕਰਦਿਆਂ ਸਪੀਕਰ ਨੈਂਸੀ ਪੇਲੋਸੀ ਨੇ ਕਿਹਾ ਕਿ ਇਸ ਬਿੱਲ ਤੋਂ ਬਾਅਦ ਚੀਨ ਨੂੰ ਸਪੱਸ਼ਟ ਸੰਦੇਸ਼ ਮਿਲ ਜਾਵੇਗਾ ਕਿ ਜੇ ਉਸ ਨੇ ਤਿੱਬਤ ਵਿਚ ਧਾਰਮਿਕ ਜਾਂ ਸੱਭਿਆਚਾਰਕ ਮਾਮਲਿਆਂ ਵਿਚ ਦਖਲ ਦਿੱਤਾ ਤਾਂ ਉਸ ਨੂੰ ਅਮਰੀਕਾ ਦੀ ਪਾਰਲੀਮੈਂਟ ਵੱਲੋਂ ਦੋਸ਼ੀ ਠਹਿਰਾਇਆ ਜਾਵੇਗਾ।

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਪ੍ਰੇਮ ਜਾਲ ਵਿੱਚ ਫਸਾ ਕੇ ਠੱਗਣ ਵਾਲੇ ਗਿਰੋਹ ਦਾ ਪਰਦਾ ਫਾਸ਼

ਮੋਗਾ, 29 ਜਨਵਰੀ (ਪੋਸਟ ਬਿਊਰੋ)- ਇਥੋਂ ਦੀ ਸਿਟੀ ਪੁਲਸ ਨੇ ਫਰਜ਼ੀ ਵਿਆਹਾਂ ਨਾਲ ਲੋਕਾਂ ਨੂੰ ਬਿਨਾਂ ਤਲਾਕ ਦਿੱਤੇ ਹੋਰ ਵਿਆਹ ਕਰਵਾ ਕੇ ਲੁੱਟਣ ਵਾਲੇ ਗੈਂਗ ਦਾ ਪਰਦਾ ਫਾਸ਼ ਕੀਤਾ ਹੈ। ਇਸ ਗੈਂਗ ਦਾ ਕੰਮਾਂ ਤੋਂ ਪੁਲਸ ਵਾਲੇ ਵੀ ਹੈਰਾਨ ਹਨ। 'ਸਾਂਝ ਦਿਲਾਂ ਦੀ' ਆਰਕੈਸਟਰਾ ਗਰੁੱਪ 'ਚ ਕੰਮ ਕਰਦੀਆਂ ਗੈਂਗ ਦੀਆਂ ਮੁਟਿਆਰਾਂ ਪ੍ਰੇਮ ਜਾਲ 'ਚ ਫਸਾਉਣ ਮਗਰੋਂ ਵਿਆਹ ਦੀ ਜ਼ਿੱਦ ਕਰਦੀਆਂ ਸਨ। ਇਸ ਤੋਂ ਬਾਅਦ ਬਲਾਤਕਾਰ ਕੇਸ ਦੀ ਧਮਕੀ ਦੇ ਕੇ ਲੱਖਾਂ ਰੁਪਏ ਬਟੋਰ ਲੈਂਦੀਆਂ ਸਨ ਅਤੇ ਉਨ੍ਹਾਂ ਦੇ ਸ਼ਿਕਾਰਾਂ ਵਿੱਚ ਕਈ ਪੁਲਸ ਮੁਲਾਜ਼ਮ ਵੀ ਸ਼ਾਮਲ ਹਨ। ਡੀ ਐੱਸ ਪੀ ਸਿਟੀ ਪਰਮਜੀਤ ਸਿੰਘ ਸੰਧੂ ਨੇ ਦੱਸਿਆ ਕਿ ਥਾਣਾ ਸਿਟੀ ਵਿੱਚ ਕਮਲਜੀਤ ਸਿੰਘ ਪਿੰਡ ਦੀਪ ਸਿੰਘ ਵਾਲਾ (ਫਰੀਦਕੋਟ) ਹਾਲ ਆਬਾਦ ਚੱਕੀ ਵਾਲੀ ਗਲੀ ਮੋਗਾ ਨੇ ਸ਼ਿਕਾਇਤ ਕੀਤੀ ਤਾਂ ਜਾਂਚ ਪਿੱਛੋਂ ਜ਼ਿਲਾ ਮਾਨਸਾ ਦੇ ਇੱਕ ਪਿੰਡ ਦੀਆਂ ਤਿੰਨਾਂ ਸਕੀਆਂ ਭੈਣਾਂ ਅਤੇ ਇੱਕ ਹੋਰ ਔਰਤ ਸਮੇਤ ਛੇ ਜਣਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਗੈਂਗ ਦੀਆਂ ਮੁਟਿਆਰਾਂ ਕਈ ਫਰਜ਼ੀ ਵਿਆਹ ਕਰਵਾ ਚੁੱਕੀਆਂ ਤੇ ਕਈ ਲੋਕਾਂ ਨੂੰ ਲੁੱਟ ਚੁੱਕੀਆਂ ਹਨ। ਇਸ ਗੈਂਗ ਵਿੱਚ ਸ਼ਾਮਲ ਇੱਕ ਮੁਟਿਆਰ 'ਸਾਂਝ ਦਿਲਾਂ ਦੀ' ਆਰਕੈਸਟਰਾ ਗਰੁੱਪ ਵਿੱਚ ਕੰਮ ਕਰਦੀ ਹੈ ਅਤੇ ਉਸ ਦੀ ਇੱਕ ਭੈਣ ਇੱਕ ਨਿੱਜੀ ਹਸਪਤਾਲ ਦੀ ਨਰਸ ਸੀ, ਜਿਸ ਨੇ ਸ਼ਿਕਾਇਤ ਕਰਤਾ ਨਾਲ ਬਿਨਾਂ ਤਲਾਕ ਲਏ ਤੀਜਾ ਵਿਆਹ ਕੀਤਾ ਤੇ ਉਸ ਮਗਰੋਂ ਹਰਿਆਣਾ ਦੇ ਅਨਿਲ ਕੁਮਾਰ ਨਾਲ ਚੌਥਾ ਵਿਆਹ ਕਰ ਲਿਆ। ਪੁਲਸ ਮੁਤਾਬਕ ਮੁੱਢਲੀ ਪੜਤਾਲ ਦੌਰਾਨ ਗੈਂਗ ਦੀਆਂ ਮੁਟਿਆਰਾਂ ਨੇ ਮੂਲ ਰੂਪ ਵਿੱਚ ਜ਼ਿਲਾ ਮਾਨਸਾ ਦੇ ਰਹਿਣ ਵਾਲੇ ਅਤੇ ਪੰਜਾਬ ਪੁਲਸ ਚੰਡੀਗੜ੍ਹ ਦੇ ਇੱਕ ਮੁਲਾਜ਼ਮ ਇਕਬਾਲ ਸਿੰਘ ਨੂੰ ਪ੍ਰੇਮ ਜਾਲ ਵਿੱਚ ਫਸਾ ਕੇ ਚਾਰ ਲੱਖ ਅਤੇ ਪਟਿਆਲਾ ਵਿਚਲੇ ਗੁਰੀ ਨਾਮ ਦੇ ਪੰਜਾਬ ਪੁਲਸ ਦੇ ਜਵਾਨ ਨੂੰ ਬਲਾਤਕਾਰ ਕੇਸ ਦਾ ਡਰਾਵਾ ਦੇ ਕੇ ਪੰਜ ਲੱਖ ਰੁਪਏ ਹੜੱਪੇ ਸਨ। ਜ਼ਿਲਾ ਮਾਨਸਾ ਦੇ ਹੀ ਇੱਕ ਹੋਰ ਪਿੰਡ ਦੇ ਯਾਦਵਿੰਦਰ ਸਿੰਘ ਨਾਲ ਵਿਆਹ ਕਰਨ ਮਗਰੋਂ ਕਰੀਬ 11 ਲੱਖ ਰੁਪਏ ਲੈ ਕੇ ਤਲਾਕ ਲੈ ਲਿਆ ਸੀ। ਸ਼ਿਕਾਇਤ ਕਰਤਾ ਨੂੰ ਵੀ ਕਰੀਬ ਤਿੰਨ ਸਾਲ ਪਹਿਲਾਂ ਪ੍ਰੇਮ ਜਾਲ ਵਿੱਚ ਫਸਾ ਕੇ ਫਿਰ ਡਰਾਵਾ ਦੇ ਕੇ 20 ਲਖ ਰੁਪਏ ਮੰਗੇ ਜਾਂ ਵਿਆਹ ਕਰਨ ਲਈ ਕਿਹਾ ਤਾਂ ਉਸ ਨੇ ਵਿਆਹ ਕਰਵਾ ਲਿਆ। ਵਿਆਹ ਤੋਂ ਬਾਅਦ 10 ਲੱਖ ਰੁਪਏ ਮੰਗੇ, ਜੋ ਉਸ ਨੇ ਨਾ ਦਿੱਤੇ। ਇਸ ਕਰ ਕੇ ਸਥਾਨਕ ਥਾਣਾ ਸਿਟੀ ਵਿੱਚ ਦਾਜ ਦਾ ਕੇਸ ਦਰਜ ਕਰਵਾ ਦਿੱਤਾ, ਜੋ ਅਦਾਲਤ ਦੇ ਵਿਚਾਰ ਅਧੀਨ ਹੈ।

# ਮਹਿਲਾ ਪੀ ਸੀ ਐੱਸ ਅਫਸਰ ਨੇ ਆਈ ਏ ਐੱਸ ਅਫਸਰ ਖ਼ਿਲਾਫ਼ ਸੈਕਸ ਸ਼ੋਸ਼ਣ ਦੇ ਦੋਸ਼ ਲਾਏ

ਅਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਵਿੱਚ ਇੱਕ ਵਾਰ ਫਿਰ 'ਮੀ ਟੂ' ਵਾਲਾ ਰੌਲਾ ਪੈ ਗਿਆ ਹੈ। ਸੂਤਰਾਂ ਅਨੁਸਾਰ ਇੱਕ ਆਈ ਏ ਐੱਸ ਅਧਿਕਾਰੀ ਉੱਤੇ ਮਹਿਲਾ ਪੀ ਸੀ ਐਸ ਅਧਿਕਾਰੀ ਦੇ ਸੈਕਸ ਸ਼ੋਸ਼ਣ ਦਾ ਗੰਭੀਰ ਦੋਸ਼ ਲੱਗਾ ਹੈ। ਇਹ ਗੰਭੀਰ ਮਾਮਲਾ ਪੰਜਾਬ ਦੇ ਚੀਫ ਸੈਕਟਰੀ ਤੋਂ ਹੁੰਦਾ ਹੋਇਆ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧਿਆਨ ਵਿੱਚ ਵੀ ਆ ਗਿਆ ਹੈ। ਦੱਸਿਆ ਜਾਂਦਾ ਹੈ ਕਿ ਮੁੱਖ ਮੰਤਰੀ ਨੇ ਅਜੇ ਇਸ ਮਾਮਲੇ 'ਚ ਕਾਰਵਾਈ ਦਾ ਕੋਈ ਹੁਕਮ ਜਾਰੀ ਨਹੀਂ ਕੀਤਾ, ਪਰ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਇਸ ਕੇਸ ਦਾ ਸਵੈ ਨੋਟਿਸ ਲੈਂਦੇ ਹੋਏ ਚੀਫ ਸੈਕਟਰੀ ਤੋਂ ਇਸ ਦੀ ਪੂਰੀ ਰਿਪੋਰਟ ਤਲਬ ਕਰ ਲਈ ਹੈ।

ਮਹਿਲਾ ਕਮਿਸ਼ਨ ਦੀ ਚੇਅਰ ਪਰਸਨ ਮਨੀਸ਼ਾ ਗੁਲਾਟੀ ਨੇ ਦੱਸਿਆ ਕਿ ਉਨ੍ਹਾਂ ਚੀਫ ਸੈਕਟਰੀ ਤੋਂ ਜਾਣਕਾਰੀ ਮੰਗੀ ਹੈ ਤੇ ਰਿਪੋਰਟ ਮਿਲਣ ਮਗਰੋਂ ਕਮਿਸ਼ਨ ਇਸ ਮਾਮਲੇ 'ਚ ਕਾਰਵਾਈ ਕਰ ਸਕੇਗਾ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ 'ਚ ਕਮਿਸ਼ਨ ਕੋਈ ਢਿੱਲ ਨਹੀਂ ਵਰਤੇਗਾ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਪੀ ਸੀ ਐੱਸ ਅਫਸਰਾਂ ਦੀ ਐਸੋਸੀਏਸ਼ਨ ਦਾ ਇੱਕ ਵਫ਼ਦ ਪੀੜਤ ਮਹਿਲਾ ਅਧਿਕਾਰੀ ਨੂੰ ਨਾਲ ਲੈ ਕੇ ਚੀਫ ਸੈਕਟਰੀ ਕਰਨਅਵਤਾਰ ਸਿੰਘ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲਿਆ ਸੀ। ਮਹਿਲਾ ਅਧਿਕਾਰੀ ਨੇ ਆਪਣੇ ਵਿਭਾਗ ਦੇ ਮੁੱਖੀ ਵਜੋਂ ਤਾਇਨਾਤ ਆਈ ਏ ਐੱਸ ਅਧਿਕਾਰੀ ਉੱਤੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ ਲਾਏ ਅਤੇ ਲਿਖਤੀ ਸ਼ਿਕਾਇਤ ਚੀਫ ਸੈਕਟਰੀ ਨੂੰ ਸੌਂਪੀ। ਇਸ ਵਿੱਚ ਮਹਿਲਾ ਅਧਿਕਾਰੀ ਨੇ ਕਿਹਾ ਕਿ ਅਧਿਕਾਰੀ ਵੱਲੋਂ ਉਸ ਨਾਲ ਕਈ ਵਾਰ ਜਿਨਸੀ ਛੇੜਛਾੜ ਵੀ ਕੀਤੀ ਗਈ ਅਤੇ ਇਸ ਦੇ ਇਲਾਵਾ ਅਧਿਕਾਰੀ ਵੱਲੋਂ ਉਸ ਨੂੰ ਕਾਫ਼ੀ ਪੀਣ ਦੇ ਬਹਾਨੇ ਨਾਲ ਚੱਲਣ ਲਈ ਕਿਹਾ ਗਿਆ, ਜਿਸ 'ਤੇ ਉਸ ਨੇ ਹਰ ਵਾਰ ਮਨਾ ਕਰ ਦਿੱਤਾ। ਕੇਸ ਦੀ ਗੰਭੀਰਤਾ ਦੇਖਦੇ ਹੋਏ ਮੁੱਖ ਸਕੱਤਰ ਨੇ ਇਹ ਸ਼ਿਕਾਇਤ ਮੁੱਖ ਮੰਤਰੀ ਕੋਲ ਭੇਜ ਦਿੱਤੀ ਸੀ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੰਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਲੁਧਿਆਣਾ ਵਿਖੇ ਲੋਨ ਮੇਲਾ-ਕਮ-ਪਲੇਸਮੈਂਟ ਕੈਂਪ-ਕਮ-ਟੈਲੇਂਟ ਹੰਟ ਦਾ ਆਯੋਜਨ





ਲੁਧਿਆਣਾ, 29 ਜਨਵਰੀ (ਗਿਆਨ ਸਿੰਘ): ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਲੁਧਿਆਣਾ ਵੱਲੋਂ ਲੋਨ ਮੇਲਾ-ਕਮ-ਪਲੇਸਮੈਂਟ ਕੈਂਪ-ਕਮ-ਟੈਲੇਂਟ ਹੰਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿੱਚ ਕੁੱਲ 317 ਉਮੀਦਵਾਰਾਂ ਨੇ ਭਾਗ ਲਿਆ।

ਬਿਓਰੋ ਵੱਲੋਂ ਆਯੋਜਿਤ ਪਲੇਸਮੈਂਟ ਕੈਂਪ ਵਿੱਚ ਕੁੱਲ 178 ਪ੍ਰਾਰਥੀਆ ਨੇ ਤੋਂ ਇਲਾਵਾ ਵੱਖ ਵੱਖ ਕੰਪਨੀਆਂ ਦੇ 07 ਨਿਯੋਜਕਾਂ ਨੇ ਭਾਗ ਲਿਆ। ਮੌਕੇ ਤੇ ਹਾਜਰ ਨਿਯੋਜਕਾਂ ਨੂੰ ਪ੍ਰਸੰਸ਼ਾ ਪੱਤਰ ਅਤੇ ਟਰਾਫੀਆਂ ਦਿੱਤੀਆ ਗਈਆ। ਪ੍ਰਿੰਸੀਪਲ ਟੀ.ਸੀ.ਕੇ.ਟੀ. ਕਾਲਜ ਲੁਧਿਆਣਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਟਰਾਫੀ ਭੇਂਟ ਕੀਤੀ ਗਈ।

ਬਿਊਰੋ ਵੱਲੋਂ ਆਯੋਜਿਤ ਕੀਤੇ ਗਏ ਟੇਲੈਂਟ ਹੰਟ ਪ੍ਰੋਗਰਾਮ ਵਿੱਚ ਕੁੱਲ 46 ਪ੍ਰਾਰਥੀਆਂ ਨੇ ਭਾਗ ਲਿਆ ਇਸ ਦੌਰਾਨ ਭੰਗੜਾ, ਗੀਤਕਾਰੀ, ਸਕਿੱਟ ਆਦਿ ਪ੍ਰੋਗਰਾਮ ਕਰਵਾਏ ਗਏ ਭਾਗ ਲੈਣ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਗਿਫਟ, ਸਵੈ ਰੋਜਗਾਰ ਸੰਬੰਧੀ ਕਿਤਾਬਾਂ ਵੰਡੀਆਂ ਗਈਆ ਅਤੇ ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਬਿਊਰੋ ਵੱਲੋਂ ਆਯੋਜਿਤ ਕੀਤੇ ਗਏ ਸਵੈਂ ਰੋਜਗਾਰ ਕੈਂਪ ਵਿੱਚ ਜਿਲ੍ਹਾ ਲੀਡ ਬੈਂਕ, ਡੇਅਰੀ ਵਿਭਾਗ, ਖੇਤੀਬਾੜੀ ਵਿਭਾਗ, ਐਸ.ਸੀ. ਕਾਰਪੋਰੇਸ਼ਨ, ਬੀ.ਸੀ. ਕਾਰਪੋਰੇਸ਼ਨ, ਮੱਛੀ ਪਾਲਣ, ਜਿਲ੍ਹਾ ਉਦਯੋਗ ਕੇਂਦਰ ਆਦਿ ਵਿਭਾਗਾਂ ਵੱਲੋਂ ਸਵੈ ਰੋਜਗਾਰ ਕੈਂਪ ਵਿੱਚ ਭਾਗ ਲਿਆ ਗਿਆ ਅਤੇ ਇਸ ਕੈਂਪ ਵਿੱਚ ਕੁੱਲ 78 ਪ੍ਰਾਰਥੀਆ ਵੱਲੋਂ ਭਾਗ ਲਿਆ ਗਿਆ। ਆਪਣੀ ਗੱਡੀ ਆਪਣਾ ਰੋਜਗਾਰ ਸਕੀਮ ਤਹਿਤ 15 ਉਮੀਦਵਾਰ ਹਾਜਰ ਹੋਏ।

ਇਸ ਮੌਕੇ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ-ਕਮ-ਸੀ.ਈ.ਓ. ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਲੁਧਿਆਣਾ ਨੀਰੂ ਕਤਿਆਲ ਗੁਪਤਾ ਅਤੇ ਡਿਪਟੀ ਡਾਇਰੈਕਟਰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵੱਲੋ ਹਾਜਰ ਪ੍ਰਾਰਥੀਆਂ ਨੂੰ ਮੋਟੀਵੇਸ਼ਨਲ ਭਾਸ਼ਣ ਦਿੱਤੇ ਗਏ ।

# ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਕੈਂਸਰ ਮਰੀਜ਼ਾਂ ਦਾ ਆਧੁਨਿਕ ਵਿਧੀ ਨਾਲ ਕਰੇਗੀ ਇਲਾਜ਼

## ਯੂਨੀਵਰਸਿਟੀ ਤੇ ਟਾਟਾ ਮੈਮੋਰੀਅਲ ਹਸਪਤਾਲ ਮੁੰਬਈ ਵਿਚਕਾਰ ਸਮਝੌਤਾ ਸਹੀਬੱਧ



ਅੰਮ੍ਰਿਤਸਰ, 29 ਜਨਵਰੀ (ਗਿਆਨ ਸਿੰਘ )ਕੈਂਸਰ ਦੇ ਮਰੀਜ਼ਾਂ ਨੂੰ ਬਿਹਤਰ ਇਲਾਜ਼ ਦੇਣ ਦੇ ਮੰਤਵ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੀ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵੱਲੋਂ ਟਾਟਾ ਮੈਮੋਰੀਅਲ ਹਸਪਤਾਲ ਮੁੰਬਈ ਨਾਲ ਇਕ ਅਹਿਮ ਸਮਝੌਤਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਅਤੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਟਰੱਸਟ ਦੇ ਸਕੱਤਰ ਡਾ. ਰੂਪ ਸਿੰਘ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਿਰਦੇਸ਼ਾਂ ’ਤੇ ਇਹ ਸਮਝੌਤਾ ਸ੍ਰੀ ਗੁਰੂ ਰਾਮਦਾਸ ਕੈਂਸਰ ਹਸਪਤਾਲ ਦੀਆਂ ਸੇਵਾਵਾਂ ਵਿਚ ਹੋਰ ਵਾਧਾ ਕਰਨ ਦੇ ਮੱਦੇਨਜ਼ਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਨੂੰ ਇਲਾਜ਼ ਦੀਆਂ ਆਧੁਨਿਕ ਤਕਨੀਕਾਂ ਨਾਲ ਜੋੜਿਆ ਜਾ ਸਕੇਗਾ। ਡਾ. ਰੂਪ ਸਿੰਘ ਨੇ ਦੱਸਿਆ ਕਿ ਸਮਝੌਤਾ ਸਹੀਬੱਧ ਕਰਨ ਸਮੇਂ ਉਨ੍ਹਾਂ ਸਮੇਤ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਦੇ ਡੀਨ ਡਾ. ਏ. ਪੀ. ਸਿੰਘ, ਰਜਿਸਟਰਾਰ ਡਾ. ਬਲਜੀਤ ਸਿੰਘ ਖੁਰਾਣਾ, ਡਾ. ਜਸਕਰਨ ਸਿੰਘ, ਟਾਟਾ ਮੈਮੋਰੀਅਲ ਹਸਪਤਾਲ ਦੇ ਡਾਇਰੈਕਟਰ ਡਾ. ਰਾਜਿੰਦਰਾ ਭਾਦਵੇ, ਡਾਇਰੈਕਟਰ ਅਕਾਦਮਿਕ ਡਾ. ਐਸ. ਡੀ. ਬਾਨਵਾਲੀ, ਡਾ. ਪੰਕਜ ਚਤਰਵੇਦੀ ਅਤੇ ਡਾ. ਪਰਥਮੇਸ਼ ਮੌਜੂਦ ਸਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਦੱਸਿਆ ਕਿ ਟਾਟਾ ਮੈਮੋਰੀਅਲ ਹਸਪਤਾਲ ਇੱਕ ਖੁਦਮੁਖਤਿਆਰ ਸੰਸਥਾ ਹੈ, ਜਿਸ ਦਾ ਪ੍ਰਬੰਧਕੀ ਕੰਟਰੋਲ ਐਟੋਮੀਕ ਐਨਰਜੀ ਵਿਭਾਗ ਭਾਰਤ ਸਰਕਾਰ ਕੋਲ ਹੈ। ਇਹ ਖੋਜ ਅਤੇ ਪੜ੍ਹਾਈ ਲਈ ਆਧੁਨਿਕ ਤਕਨੀਕ ਅਤੇ ਸਹੂਲਤ ਪ੍ਰਦਾਨ ਕਰਨ ਵਿਚ ਮੋਹਰੀ ਹੈ। ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵੀ ਮੈਡੀਕਲ ਖੇਤਰ ਵਿਚ ਮੰਨੀ ਪ੍ਰਮੰਨੀ ਸੰਸਥਾ ਹੈ। ਦੋਹਾਂ ਸੰਸਥਾਵਾਂ ਵਿਚ ਸਮਝੌਤੇ ਨਾਲ ਮਰੀਜ਼ਾਂ ਨੂੰ ਇਲਾਜ਼ ਦੀਆਂ ਬਿਹਤਰ ਸੇਵਾਵਾਂ ਮਿਲ ਸਕਣਗੀਆਂ। ਡਾ. ਰੂਪ ਸਿੰਘ ਅਨੁਸਾਰ ਇਹ ਸਮਝੌਤਾ ਖਿਤੇ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ।

ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਡੀਨ ਡਾ. ਏ.ਪੀ. ਸਿੰਘ ਅਨੁਸਾਰ ਇਸ ਸਮਝੌਤੇ ਅਧੀਨ ਟਾਟਾ ਮੈਮੋਰੀਅਲ ਹਸਪਤਾਲ ਮੁੰਬਈ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਨੂੰ ਕੈਂਸਰ ਦੇ ਮਰੀਜ਼ਾਂ ਦਾ ਇਲਾਜ਼ ਕਰਨ ਲਈ ਸਹਿਯੋਗ ਕਰੇਗਾ। ਇਸ ਨਾਲ ਜਨਸੰਖਿਆਂ ਦੇ ਅਧਾਰ ’ਤੇ ਕੈਂਸਰ ਮਰੀਜ਼ਾਂ ਦੀ ਸੂਚੀ ਤਿਆਰ ਕਰਨ ਅਤੇ ਵੱਖ-ਵੱਖ ਬਿਮਾਰੀਆਂ ਤਹਿਤ ਅੰਗ ਦੇ ਕੇ ਇਲਾਜ਼ ਕਰਨ ਦੀ ਆਧੁਨਿਕ ਤਕਨੀਕ ਬਾਰੇ ਵੀ ਟ੍ਰੇਨਿੰਗ ਪ੍ਰਾਪਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਟਾਟਾ ਹਸਪਤਾਲ ਦੇ ਮੁਲਾਪੁਰ ਅਤੇ ਸੰਗਰੂਰ ਸਥਿਤ ਸੈਂਟਰਾਂ ਦਾ ਡਾਕਟਰੀ ਸਟਾਫ ਵੀ ਰੈਗੂਲਰ ਤੌਰ ’ਤੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੇ ਯੂਨੀਵਰਸਿਟੀ ਵਿਖੇ ਆਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਕੈਂਸਰ ਪੀੜਤਾਂ ਨੂੰ ਇਲਾਜ ਦੇ ਸਕਣ ਵਿਚ ਸ੍ਰੀ ਗੁਰੂ ਰਾਮਦਾਸ ਕੈਂਸਰ ਹਸਪਤਾਲ ਵੱਡੀ ਭੂਮਿਕਾ ਨਿਭਾਅ ਰਿਹਾ ਹੈ ਅਤੇ ਭਵਿੱਖ ਵਿਚ ਇਨ੍ਹਾਂ ਸੇਵਾਵਾਂ ਵਿਚ ਜ਼ਿਕਰਯੋਗ ਵਾਧਾ ਹੋਵੇਗਾ।

**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

# ਯੂ ਕੇ ਜਾਣ ਵਾਲੇ ਨੌਜਵਾਨ ਨੂੰ ਯੂਕਰੇਨ ਭੇਜ ਦਿੱਤਾ ਗਿਆ

ਪਟਿਆਲਾ, 29 ਜਨਵਰੀ (ਪੋਸਟ ਬਿਊਰੋ)- ਵਿਦੇਸ਼ ਜਾਣ ਦੇ ਚਾਹਵਾਨ ਬਲਾਕ ਨਾਭਾ ਦੇ ਪਿੰਡ ਰੋਹਟੀ ਮੋੜਾਂ ਦੇ ਰਹਿਣ ਵਾਲੇ ਇੱਕ ਨੌਜਵਾਨ ਨੂੰ ਏਜੰਟ ਨੇ ਇੰਗਲੈਂਡ ਭੇਜਣ ਦੀ ਥਾਂ ਯੂਕਰੇਨ ਭੇਜ ਦਿੱਤਾ, ਜਿੱਥੇ ਏਜੰਟ ਨੇ ਨੌਜਵਾਨਾਂ ਨੂੰ ਯੂਕਰੇਨ 'ਚ ਡੋਂਕਰਾਂ (ਗਲਤ ਤਰੀਕੇ ਨਾਲ ਬਾਰਡਰ ਪਾਰ ਕਰਵਾਉਣ ਵਾ-ਲਿਆ) ਕੋਲ ਵੇਚ ਦਿੱਤਾ। ਪੀੜਤ ਪਰਵਾਰ ਨੇ ਨੌਜਵਾਨ ਨੂੰ ਛੁਡਾਉਣ ਲਈ ਡੋਂਕਰਾਂ ਨੂੰ ਤਿੰਨ ਲੱਖ ਰੁਪਏ ਦਿੱਤੇ ਅਤੇ ਫਿਰ ਪਰਵਾਰ ਨੇ ਟਿਕਟ ਦੇ ਪੰਜਾਹ ਹਜ਼ਾਰ ਰੁਪਏ ਹੋਰ ਦੇ ਕੇ ਵਾਪਸ ਸੱਦਿਆ। ਇਸ ਪਿੱਛੋਂ ਪੀੜਤ ਬੇਅੰਤ ਸਿੰਘ ਦੇ ਪਿਤਾ ਨਿਰਮਲ ਸਿੰਘ ਨੇ ਏਜੰਟ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਨੇ ਰਣਧੀਰ ਸਿੰਘ ਪਿੰਡ ਰੋਹਟੀ ਮੋੜਾਂ ਅਤੇ ਪ੍ਰਦੀਪ ਸਿੰਘ ਪਿੰਡ ਮੰਡਿਆਣਾ ਤਹਿਸੀਲ ਰਾਜਪੁਰਾ ਖਿਲਾਫ ਮਨੁੱਖੀ ਤਸਕਰੀ ਦੇ ਦੋਸ਼ਾਂ ਹੇਠ ਕੇਸ ਦਰਜ ਕਰ ਲਿਆ ਹੈ।

ਇਸ ਸੰਬੰਧ ਵਿੱਚ ਬੇਅੰਤ ਸਿੰਘ ਨੇ ਦੱਸਿਆ ਕਿ ਉਹ ਇੰਗਲੈਂਡ ਜਾਣਾ ਚਾਹੁੰਦਾ ਸੀ, ਇਸ ਲਈ ਉਸ ਨੇ ਪਿੰਡ ਦੇ ਰਹਿਣ ਵਾਲੇ ਰਣਧੀਰ ਸਿੰਘ ਨਾਲ ਸੰਪਰਕ ਕੀਤਾ ਤਾਂ ਰਣਧੀਰ ਨੇ ਉਸ ਨੂੰ ਏਜੰਟ ਪ੍ਰਦੀਪ ਸਿੰਘ ਨਾਲ ਮਿਲਵਾਇਆ ਅਤੇ ਪ੍ਰਦੀਪ ਨੇ ਉਸ ਨੂੰ ਇੰਗਲੈਂਡ ਭੇਜਣ ਦੇ ਨੌਂ ਲੱਖ ਰੁਪਏ ਲੈ ਕੇ ਕਿਹਾ ਕਿ ਉਸ ਨੂੰ ਯੂਰਪ ਤੋਂ ਇੰਗਲੈਂਡ ਭੇਜ ਦੇਣਗੇ। 22 ਨਵੰਬਰ 2017 ਨੂੰ ਯੂਕਰੇਨ ਗਿਆ, ਜਿੱਥੇ ਉਸ ਨੂੰ ਡੋਂਕਰਾਂ ਕੋਲ ਵੇਚ ਦਿੱਤਾ। ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪੁਲਸ ਵੱਲੋਂ ਕਾਨੂੰਨ ਮੁਤਾ-ਬਕ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHAWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
Ministry of Community Safety and Correctional Services approved. We speak English, Hindi, Punjabi &Urdu.
Training by Professional Instructors. First Aid & CPR certification included. Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE TENS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURANCE & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਰਣਬੀਰ ਕਪੂਰ ਨਾਲ ਕੰਮ ਕਰਨ ਬਾਰੇ ਰੋਮਾਂਚਿਤ ਹੈ ਸ਼ਰਧਾ ਕਪੂਰ




ਅਭਿਨੇਤਰੀ ਸ਼ਰਧਾ ਕਪੂਰ ਰਾਕਸਟਾਰ ਰਣਬੀਰ ਕਪੂਰ ਨਾਲ ਕੰਮ ਕਰਨ ਬਾਰੇ ਕਾਫੀ ਰੋਮਾਂਚਿਤ ਹੈ। 'ਪਿਆਰ ਕਾ ਪੰਚਨਾਮਾ' ਅਤੇ 'ਸੋਨੂੰ ਕੇ ਟੀਟੂ ਕੀ ਸਵੀਟੀ' ਵਰਗੀਆਂ ਸੁਪਰਹਿੱਟ ਫਿਲਮਾਂ ਬਣਾ ਚੁੱਕੇ ਲਵ ਰੰਜਨ ਜਲਦ ਹੀ ਆਪਣੀ ਅਗਲੀ ਫਿਲਮ ਸ਼ੁਰੂ ਕਰਨ ਜਾ ਰਹੇ ਹਨ। ਇਸ ਫਿਲਮ ਵਿੱਚ ਰਣਬੀਰ ਕਪੂਰ ਅਤੇ ਸ਼ਰਧਾ ਕਪੂਰ ਦੀ ਜੋੜੀ ਦਰਸ਼ਕਾਂ ਨੂੰ ਦੇਖਣ ਨੂੰ ਮਿਲਣ ਵਾਲੀ ਹੈ। ਰਣਬੀਰ ਕਪੂਰ ਦੇ ਨਾਲ ਪਹਿਲੀ ਵਾਰ ਕੰਮ ਕਰਨ ਦੇ ਲਈ ਸ਼ਰਧਾ ਕਾਫੀ ਰੋਮਾਂਚਿਤ ਹੈ।

ਸ਼ਰਧਾ ਨੇ ਕਿਹਾ, 'ਮੈਂ ਰਣਬੀਰ ਕਪੂਰ ਦੇ ਨਾਲ ਲਵ ਰੰਜਨ ਦੀ ਫਿਲਮ ਕਰ ਰਹੀ ਹਾਂ। ਮੈਂ ਲਵ ਰੰਜਨ ਦੀ ਫਿਲਮ 'ਪਿਆਰ ਕਾ ਪੰਚਨਾਮਾ' ਅਤੇ 'ਸੋਨੂੰ ਕੇ ਟੀਟੂ ਕੀ ਸਵੀਟੀ' ਨੂੰ ਕਾਫੀ ਪਸੰਦ ਕੀਤਾ ਹੈ, ਮੈਂ ਰਣਬੀਰ ਦੇ ਨਾਲ ਕੰਮ ਕਰਨ 'ਤੇ ਕਾਫੀ ਐਕਸਾਈਟਿਡ ਹਾਂ, ਉਹ ਇਸ ਜਨਰੇਸ਼ਨ ਦੇ ਸਭ ਤੋਂ ਬਿਹਤਰੀਨ ਕਲਾਕਾਰਾਂ ਵਿੱਚੋਂ ਇੱਕ ਹਨ। ਉਨ੍ਹਾਂ ਦਾ ਕੰਮ ਪਸੰਦ ਕੀਤਾ ਹੈ, ਇਸ ਤੋਂ ਪਹਿਲਾਂ ਮੈਨੂੰ ਉਨ੍ਹਾਂ ਦੇ ਨਾਲ ਕੋਈ ਕੰਮ ਆਫਰ ਹੀ ਨਹੀਂ ਹੋਇਆ।



## ਫਿਟਨੈੱਸ ਲਈ ਬਹੁਤ ਪਸੀਨਾ ਵਹਾਉਂਦਾ ਹਾਂ : ਆਦਿੱਤਿਆ ਰਾਏ ਕਪੂਰ



ਆਦਿੱਤਿਆ ਰਾਏ ਕਪੂਰ ਜਲਦੀ ਹੀ ਬਾਲੀਵੁੱਡ ਦੀਆਂ ਸਭ ਤੋਂ ਗਲੈਮਰਸ ਹੀਰੋਇਨਾਂ 'ਚੋਂ ਇੱਕ ਦਿਸ਼ਾ ਪਟਾਨੀ ਦੇ ਨਾਲ ਫਿਲਮ 'ਮਲੰਗ' ਵਿੱਚ ਰੋਮਾਂਸ ਕਰਦਾ ਨਜ਼ਰ ਆਵੇਗਾ। ਫਿਲਮ ਦੇ ਟ੍ਰੇਲਰ ਤੋਂ ਪਤਾ ਲੱਗਾ ਹੈ ਕਿ ਦੋਵਾਂ ਦਰਮਿਆਨ ਫਿਲਮ 'ਚ ਕਈ ਕਿਸਿੰਗ ਸੀਨ ਹਨ। ਇਸ ਫਿਲਮ ਲਈ ਆਦਿ-ੱਤਿਆ ਨੇ ਆਪਣੀ ਬਾਡੀ ਵੀ ਕਮਾਲ ਦੀ ਬਣਾਈ ਹੈ ਅਤੇ ਟ੍ਰੇਲਰ ਵਿੱਚ ਉਸ ਦੀ ਲੁਕ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਪਿੱਛੇ ਜਿਹੇ ਉਹ ਮਾਡਲ ਦਿਵਾ ਧਵਨ ਨਾਲ ਡੇਟ ਕਰਨ ਬਾਰੇ ਵੀ ਸੁਰਖੀਆਂ 'ਚ ਰਿਹਾ ਅਤੇ ਉਨ੍ਹਾਂ ਦੇ ਜਲਦੀ ਵਿਆਹ ਕਰਨ ਬਾਰੇ ਵੀ ਅਟਕਲਾਂ ਲੱਗਦੀਆਂ ਰਹੀਆਂ, ਪਰ ਉਹ ਇਸ ਤੋਂ ਇਨਕਾਰ ਕਰ ਚੁੱਕਾ ਹੈ। ਪੇਸ਼ ਹਨ ਆਦਿੱਤਿਆ ਦੇ ਨਾਲ ਹੋਈ ਇੱਕ ਗੱਲਬਾਤ ਦੇ ਕੁਝ ਅੰਸ਼ :

* ਫਿਲਮ 'ਮਲੰਗ' ਵਿੱਚ ਤੁਹਾਡੀ ਬਾਡੀ ਦੀ ਖੂਬ ਚਰਚਾ ਹੋਈ ਹੈ। ਕਿਸ ਤਰ੍ਹਾਂ ਪਾਈ ਅਜਿਹੀ ਕਮਾਲ ਦੀ ਫਿਟਨੈਸ?

– ਮੈਂ ਫਿਲਮ ਦੀ ਮੰਗ ਅਨੁਸਾਰ ਆਪਣੀ ਬਾਡੀ ਨੂੰ ਸ਼ੇਪ ਦੇ ਸਕਦਾ ਹਾਂ। ਮੈਂ ਫਿੱਟ ਰਹਿਣ ਲਈ ਜਿਮ 'ਚ ਬਹੁਤ ਪਸੀਨਾ ਵਹਾਉਂਦਾ ਹਾਂ। ਜਿਮ 'ਚ ਕਈ ਤਰ੍ਹਾਂ ਦੇ ਤਰੀਕਿਆਂ ਦੇ ਜ਼ਰੀਏ ਵਰਕ ਆਊਟ ਕਰਨ ਦੇ ਨਾਲ ਮੈਂ ਰਨਿੰਗ, ਸਾਈਕਲਿੰਗ, ਸਵੀਮਿੰਗ ਅਤੇ ਡਾਂਸਿੰਗ ਦੇ ਜ਼ਰੀਏ ਆਪਣੀ ਬਾਡੀ ਨੂੰ ਸ਼ੇਪ 'ਚ ਬਣਾਈ ਰੱਖਦਾ ਹਾਂ। ਫਿਲਮ ਵਿੱਚ ਮੇਰੀ ਲੁਕ ਦੇ ਰੂਪ ਹਨ ਜਿਸ ਕਾਰਨ ਮੈਨੂੰ ਜ਼ਿਆਦਾ ਮਿਹਨਤ ਕਰਨੀ ਪਈ। ਜਿਹੜੇ ਸੀਨ ਵਿੱਚ ਮੈਂ ਇਕਦਮ ਫਿੱਟ ਲੱਗਣਾ ਹੈ, ਉਸ ਦੌਰਾਨ ਮੈਂ ਮਿੱਠੇ ਤੇ ਨਮਕ ਤੋਂ ਪ੍ਰਹੇਜ਼ ਰੱਖਿਆ ਅਤੇ ਦੂਜੇ ਸੀਨਜ਼ ਦੌਰਾਨ ਮੈਂ ਬਹੁਤ ਖਾਧਾ ਤਾਂ ਕਿ ਮੇਰਾ ਵਜ਼ਨ ਵਧ ਸਕੇ।

* ਤੁਸੀਂ ਕਿਹਾ ਸੀ ਕਿ ਤੁਸੀਂ ਸੰਯੋਗ ਨਾਲ ਅਭਿਨੇਤਾ ਬਣੇ ਹੋ। ਕਿਵੇਂ ਹੋਇਆ ਇਹ ਸੰਯੋਗ?

– ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਇਹੋ ਲੱਗਦਾ ਹੈ ਕਿ ਮੈਂ ਸੰਯੋਗ ਨਾਲ ਅਭਿਨੇਤਾ ਬਣਿਆ। ਫਿਲਮਾਂ ਵਿੱਚ ਆਏ 10 ਸਾਲ ਪੂਰੇ ਹੋਣ ਤੋਂ ਬਾਅਦ ਵੀ ਮੈਂ ਇਹ ਨਹੀਂ ਕਹਿ ਸਕਦਾ ਕਿ ਮੈਂ ਇਸ ਪੇਸ਼ੇ 'ਚ ਆਉਣਾ ਚਾਹੁੰਦਾ ਸੀ, ਭਾਵੇਂ ਮੈਂ ਇਸ ਨਾਲ ਪਿਆਰ ਕਰਨ ਲੱਗਾ ਹਾਂ। ਦਰਅਸਲ ਵਿਪੁਲ ਸ਼ਾਹ ਦੀ ਫਿਲਮ ਲਈ 2008 ਵਿੱਚ ਕਾਸਟਿੰਗ ਕੀਤੀ ਗਈ ਅਤੇ ਇਸ ਨੇ ਮੈਨੂੰ ਬਾਲੀਵੁੱਡ 'ਚ ਦਾਖਲੇ ਦਾ ਮੌਕਾ ਦਿੱਤਾ, ਮੈਂ ਕਦੇ ਅਭਿਨੇਤਾ ਬਣਨ ਦੀ ਇੱਛਾ ਨਹੀਂ ਜਤਾਈ।

* ਤਾਂ ਕੀ ਅੱਜਕੱਲ੍ਹ ਤੁਸੀਂ ਖੁਦ ਨੂੰ ਸਥਾਪਤ ਅਭਿਨੇਤਾ ਮੰਨਦੇ ਹੋ?

– ਮੈਂ ਅੱਜ ਤੱਕ ਦੇ ਆਪਣੇ ਕਰੀਅਰ ਵਿੱਚ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਕਈ ਵਾਰ ਤਰੀਫ ਮਿਲੀ ਤਾਂ ਕਈ ਵਾਰ ਆਲੋਚਨਾ ਵੀ ਹੋਈ। ਸਾਰਿਆਂ ਦੇ ਬਾਵਜੂਦ ਮੈਂ ਅੱਜ ਖੁਦ ਨੂੰ ਸਥਾਪਤ ਮੰਨਦਾ ਹਾਂ। ਪਿਛਲੇ ਕੁਝ ਸਾਲਾਂ ਤੋਂ ਮੈਂ ਫਿਲਮ ਨਗਰੀ, ਆਪਣੀ ਕੰਮ ਤੇ ਪੇਸ਼ੇ ਨਾਲ ਪਿਆਰ ਕਰਨ ਲੱਗਾ ਹਾਂ। ਇਹ ਉਤਰਾਅ-ਚੜ੍ਹਾਅ ਵਾਲਾ ਸਫਰ ਸੀ। ਸ਼ੁਰੂ ਦੇ ਕੁਝ ਸਾਲਾਂ ਵਿੱਚ ਇਹ ਖੁਦ ਨੂੰ ਲੱਭਣ ਵਰਗਾ ਸੀ, ਉਥੇ ਮੈਂ ਅਭਿਨੈ ਕਰਦੇ ਸਮੇਂ ਅਭਿਨੈ ਨਾਲ ਪਿਆਰ ਸ਼ੁਰੂ ਕਰ ਦਿੱਤਾ।

* ਤੁਹਾਡੀ ਇੱਕ ਸੁਪਰ ਮਾਡਲ ਨਾਲ ਰੋਮਾਂਸ ਅਤੇ ਜਲਦੀ ਵਿਆਹ ਕਰਨ ਨੂੰ ਲੈ ਕੇ ਵੀ ਕਾਫੀ ਚਰਚਾ ਰਹੀ ਸੀ। ਇਸ ਬਾਰੇ ਕੁਝ ਦੱਸੋ?

– ਫਿਲਹਾਲ ਮੈਂ ਇਕਦਮ ਸਿੰਗਲ ਹਾਂ। ਜਿੱਥੋਂ ਤੱਕ ਦਿਵਾ ਧਵਨ ਦੀ ਗੱਲ ਹੈ, ਉਹ ਬਹੁਤ ਚੰਗੀ ਲੜਕੀ ਤੇ ਮੇਰੀ ਪੁਰਾਣੀ ਦੋਸਤ ਹੈ। ਸਾਡੀ ਦੋਵਾਂ ਦੀ ਮੁਲਾਕਾਤ ਬਹੁਤ ਸਾਲ ਪਹਿਲਾਂ ਇੱਕ ਫੈਸ਼ਨ ਸ਼ੋਅ ਦੌਰਾਨ ਹੋਈ ਅਤੇ ਅਸੀਂ ਦੋਵੇਂ ਚੰਗੇ ਦੋਸਤ ਹਾਂ। ਅਸੀਂ ਇੱਕ ਫੇਮਸ ਰੈਸਟੋਰੈਂਟ 'ਚ ਇੱਕ ਸ਼ਾਮ ਇਕੱਠੇ ਖਾਣਾ ਖਾਣ ਗਏ ਸਾਂ। ਉਥੇ ਸਭ ਲੋਕ ਜਾਂਦੇ ਹਨ। ਸਾਡੀਆਂ ਮੀਡੀਆ ਨੇ ਤਸਵੀਰਾਂ ਖਿੱਚ ਲਈਆਂ ਅਤੇ ਕਹਾਣੀਆਂ ਬਣਨੀਆਂ ਸ਼ੁਰੂ ਹੋ ਗਈਆਂ। ਅਸਲ ਵਿੱਚ ਮੈਂ ਵਿਆਹ ਬਾਰੇ ਨਹੀਂ ਸੋਚ ਰਿਹਾ। ਮੈਂ ਚੀਜ਼ਾਂ ਨੂੰ ਪਲਾਨ ਨਹੀਂ ਕਰਦਾ ਅਤੇ ਹਾਲਾਤਾਂ ਦੇ ਹਿਸਾਬ ਨਾਲ ਜਿਊਂਦਾ ਆਇਆ ਹਾਂ।

* ਕੰਮ ਤੋਂ ਵੱਧ ਅਫੇਅਰਜ਼ ਦੀ ਚਰਚਾ ਹੋਣ 'ਤੇ ਕਿਹੋ ਜਿਹਾ ਲੱਗਦਾ ਹੈ?

– ਮੇਰੇ ਅਫੇਅਰ ਦੀਆਂ ਅਫਵਾਹਾਂ ਉਡਣ 'ਤੇ ਮਾਂ ਨੇ ਮੈਨੂੰ ਫੋਨ ਕਰ ਕੇ ਇਸ ਬਾਰੇ ਪੁੱਛਿਆ ਸੀ। ਉਂਝ ਮੈਨੂੰ ਇਨ੍ਹਾਂ ਗੱਲਾਂ ਦੀ ਆਦਤ ਹੋ ਗਈ ਹੈ। ਇਨ੍ਹਾਂ ਗੱਲਾਂ 'ਚ ਸੱਚਾਈ ਤਾਂ ਹੁੰਦੀ ਨਹੀਂ ਤਾਂ ਇਨ੍ਹਾਂ ਨੂੰ ਗੰਭੀਰਤਾ ਨਾਲ ਕਿਉਂ ਲਿਆ ਜਾਵੇ? ਇਹ ਤਾਂ ਚੱਲਦਾ ਰਹੇਗਾ। ਤੁਹਾਨੂੰ ਲੈ ਕੇ ਅਜਿਹੀਆਂ ਖਬਰਾਂ ਸੁਰਖੀਆਂ ਵਿੱਚ ਰਹਿਣਗੀਆਂ।

## 'ਸ਼ਕੀਲਾ' ਅਟਕੀ ਨਹੀਂ, ਪੋਸਟ ਪ੍ਰੋਡਕਸ਼ਨ ਵਿੱਚ ਹੈ : ਰਿਚਾ ਚੱਢਾ



ਅਭਿਨੇਤਰੀ ਰਿਚਾ ਚੱਢਾ ਸਾਲ ਦੀ ਸ਼ੁਰੂਆਤ ਫਿਲਮ 'ਪੰਗਾ' ਨਾਲ ਕਰੇਗੀ। ਉਸ ਵਿੱਚ ਉਹ ਕਬੱਡੀ ਖਿਡਾਰੀ ਦੀ ਭੂਮਿਕਾ ਵਿੱਚ ਨਜ਼ਰ ਆਏਗੀ। ਉਸ ਦੇ ਇਲਾਵਾ ਉਨ੍ਹਾਂ ਦੀ ਫਿਲਮ 'ਅਭੀ ਤੋ ਪਾਰਟੀ ਸ਼ੁਰੂ ਹੂਈ ਹੈ' ਅਤੇ 'ਸ਼ਕੀਲਾ' ਵੀ ਰਿਲੀਜ਼ ਹੋਣ ਵਾਲੀਆਂ ਹਨ। 'ਸ਼ਕੀਲਾ' ਸਾਊਥ ਦੀ ਐਡਲਟ ਸਟਾਰ ਸ਼ਕੀਲਾ ਦੀ ਜ਼ਿੰਦਗੀ 'ਤੇ ਆਧਾਰਤ ਹੈ। ਫਿਲਮ ਨੂੰ ਬੀਤੇ ਸਾਲ ਰਿਲੀਜ਼ ਕਰਨ ਦੀਆਂ ਖਬਰਾਂ ਆਈਆਂ ਸਨ। ਇਸ ਬਾਰੇ ਰਿਚਾ ਚੱਢਾ ਦਾ ਕਹਿਣਾ ਹੈ, ਇਹ ਗਲਤ ਫਹਿਮੀ ਦੇ ਕਾਰਨ ਹੋਇਆ। ਜਦ ਫਿਲਮ ਦੀ ਸ਼ੂਟਿੰਗ ਹੋ ਰਹੀ ਸੀ, ਉਸ ਵੇਲੇ ਉਸ ਦਾ ਕੈਲੰਡਰ ਜਾਰੀ ਕਰ ਦਿੱਤਾ ਗਿਆ ਸੀ। ਲੋਕਾਂ ਨੂੰ ਲੱਗਾ ਕਿ ਫਿਲਮ ਆ ਰਹੀ ਹੈ। ਅਸਲ ਵਿੱਚ ਅੰਦਰਲੇ ਪੰਨਿਆਂ ਨੂੰ ਪੂਰਾ ਕੀਤੇ ਬਿਨਾਂ ਫਰੰਟ ਪੇਜ਼ ਛਾਪ ਦਿੱਤਾ ਗਿਆ। 'ਸ਼ਕੀਲਾ' ਅਜੇ ਪੋਸਟ ਪ੍ਰੋਡਕਸ਼ਨ ਵਿੱਚ ਹੈ। ਉਸ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਨਿਰਮਾਤਾ ਅਜੇ ਤੈਅ ਕਰ ਰਹੇ ਹਨ ਕਿ ਉਸ ਨੂੰ ਕਿੰਨੀਆਂ ਭਾਸ਼ਾਵਾਂ ਵਿੱਚ ਰਿਲੀਜ਼ ਕਰਨਾ ਹੈ। ਫਿਲਮ ਦਾ ਨਿਰਦੇਸ਼ਨ ਇੰਦਰਜੀਤ ਲੰਕੇਸ਼ ਨੇ ਕੀਤਾ ਹੈ। ਉਮੀਦ ਹੈ ਕਿ ਉਸ ਦੀ ਰਿਲੀਜ਼ ਤਰੀਕ ਜਲਦੀ ਹੀ ਐਲਾਨ ਹੋਵੇਗੀ।

## ਅਜੈ ਦੀ 'ਮੈਦਾਨ' ਵਿੱਚ ਪ੍ਰੀਆਮਣੀ ਦੀ ਹੋਈ ਐਂਟਰੀ



ਅਜੈ ਦੇਵਗਨ ਦੀ ਆਉਣ ਵਾਲੀ ਫਿਲਮ 'ਮੈਦਾਨ' ਵਿੱਚ ਅਭਿਨੇਤਰੀ ਕ੍ਰਿਤੀ ਸੁਰੇਸ਼ ਨੂੰ ਹਟਾ ਕੇ ਪ੍ਰੀਆਮਣੀ ਨੂੰ ਫਾਈਨਲ ਕੀਤਾ ਗਿਆ ਹੈ। ਕੀਰਤੀ ਇਸ ਫਿਲਮ ਨਾਲ ਬਾਲੀਵੁੱਡ ਡੈਬਿਊ ਕਰਨ ਵਾਲੀ ਸੀ ਅਤੇ ਉਸ ਨੇ ਇਸ ਦੇ ਫਸਟ ਸ਼ਡਿਊਲ ਦੀ ਸ਼ੂਟਿੰਗ ਵੀ ਕਰ ਲਈ ਸੀ। ਬਾਵਜੂਦ ਇਸ ਦੇ ਉਸ ਨੂੰ ਕੁਝ ਕਾਰਨਾਂ ਕਰ ਕੇ ਰਿਪਲੇਸ ਕਰ ਦਿੱਤਾ ਗਿਆ। ਉਸ ਦੀ ਜਗ੍ਹਾ ਅਜੈ ਦੇਵਗਨ ਦੇ ਆਪੋਜ਼ਿਟ ਸਾਊਥ ਦੀ ਮਸ਼ਹੂਰ ਅਭਿਨੇਤਰੀ ਪ੍ਰੀਆਮਣੀ ਨਜ਼ਰ ਆਉਣਗੇ। ਉਹ ਇਸ ਤੋਂ ਪਹਿਲਾਂ 'ਰਾਵਣ' ਅਤੇ 'ਚੇਨਈ ਐਕਸਪ੍ਰੈਸ' ਵਰਗੀਆਂ ਬਾਲੀਵੁੱਡ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਅਜੈ ਦੀ ਇਹ ਫਿਲਮ ਇਸ ਸਾਲ 27 ਅਗਸਤ ਨੂੰ ਰਿਲੀਜ਼ ਹੋਵੇਗੀ।

## 'ਸ਼ੁਭ ਮੰਗਲ ਸਾਵਧਾਨ' ਹੈ ਪੂਰੀ ਤਰ੍ਹਾਂ ਪਰਵਾਰਕ ਫਿਲਮ : ਆਯੁਸ਼ਮਾਨ



ਲਗਾਤਾਰ ਸੱਤ ਹਿੱਟ ਦੇਣ ਵਾਲੇ ਆਯੁਸ਼ਮਾਨ ਖੁਰਾਣਾ ਦੀ ਅਗਲੀ ਫਿਲਮ 'ਸ਼ੁਭ ਮੰਗਲ ਸਾਵਧਾਨ' ਹੈ। ਉਸ ਦਾ ਕਹਿਣਾ ਹੈ ਕਿ ਇੱਕ ਮਹੱਤਵ ਪੂਰਨ ਸੰਦੇਸ਼ ਵਾਲੀ ਇਹ ਫਿਲਮ ਪੂਰੀ ਤਰ੍ਹਾਂ ਪਰਵਾਰਕ ਮਨੋਰੰਜਨ ਵਾਲੀ ਫਿਲਮ ਹੈ। ਫਿਲਮ ਵਿੱਚ ਆਯੁਸ਼ਮਾਨ ਇੱਕ ਸਮਲਿੰਗੀ ਦੀ ਭੂਮਿਕਾ ਨਿਭਾਣਗੇ। ਉਹ ਕਹਿੰਦੇ ਹਨ, 'ਮੈਂ ਅਜਿਹੀਆਂ ਫਿਲਮਾਂ ਚੁਣਦਾ ਹਾਂ, ਜਿਸ ਨੂੰ ਪੂਰਾ ਪਰਵਾਰ ਇਕੱਠੇ ਥੀਏਟਰ ਵਿੱਚ ਜਾ ਕੇ ਦੇਖ ਸਕੇ। ਇੱਕ ਕਲਾਕਾਰ ਨੂੰ ਉਦੋਂ ਵੱਧ ਖੁਸ਼ੀ ਹੁੰਦੀ ਹੈ, ਜਦੋਂ ਉਸ ਦੀ ਫਿਲਮ ਦੇਖਣ ਪਿੱਛੋਂ ਉਹ ਲੋਕਾਂ ਨੂੰ ਇੰਜੁਆਏ ਕਰਦੇ ਹੋਏ ਦੇਖਦਾ ਹੈ ਅਤੇ ਉਸ ਦੇ ਸੰਦੇਸ਼ ਦੀ ਚਰਚਾ ਕਰਦਾ ਹੈ। ਇੱਕ ਸਮਾਜਕ ਸੰਦੇਸ਼ ਦੇਣ ਵਾਲੀ 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਦਰਸ਼ਕਾਂ ਦੇ ਦਿਲਾਂ ਨੂੰ ਛੂ ਲਵੇਗੀ।'' ਹਿਤੇਸ਼ ਕੈਵਲਯ ਦੇ ਨਿਰਦੇਸ਼ਨ ਵਾਲੀ ਇਹ ਫਿਲਮ 21 ਫਰਵਰੀ ਨੂੰ ਰਿਲੀਜ਼ ਹੋਵੇਗੀ।

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?

ਬਰੈਂਪਟਨ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ”

40 Vodden Court | Brampton



Anabela Serra
Sales Representative

ਸੰਪਰਕ ਕਰੋ:
416-400-5825

ROYAL LePAGE
SUPREME REALTY, BROKERAGE
INDEPENDENTLY OWNED AND OPERATED



Beautiful Well Kept Condo Townhouse Corner Unit, Feels Like A Semi-Detached. Spacious And Bright 3 Bedroom Family Home, Open Concept Kitchen And Living Area. Kitchen Includes Stainless Steel Appliances, Backsplash And Lots Of Cupboard Storage. Full Finished Basement With Rec Room. Fenced Backyard With Your Very Own Patio Deck For Your Entertainment. *Bonus* Private Playground For The Neighborhood.

For More listings Visit anabelaserra.com



# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# HOUSE FOR SALE

ONLY 1 LUXURY HOME LEFT IN BRAMPTON $1,150,000



BUILDER CLEARANCE !

**OPEN HOUSE**
AT
LOT 234 ICELAND POPPY TRAIL, BRAMPTON
Feb 1st & Feb 2nd
From Noon-5:00pm

Fabulous 5 bedrooms, 5 washrooms, model left in this great new build in Brampton. 9 foot ceiling on main floor. separate entrance to the basement from the garage, quartz counter tops, wide plank hardwood floor on main, oak stairs. Will be completed and ready for an end of March closing!

Contact: Scott Gilmour
BROKER OF RECORD OWNER
scottgilmour@realtyexecuties.com or
416 802 0600

4310 Sherwoodtowne Blvd. Suite 303C
Mississauga, ON, L4Z 4C4
Bus; 905 848 1900 Fax: 905 848 1918
Each office independently owned and operated

REALTY EXECUTIVES
Plus Ltd., Brokerage




# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

